# ਪੰਜਾਬ ਰਾਜ ਬਿਜਲੀ ਬੋਰਡ

## ਲੇਖਾ ਅਤੇ ਆਮ ਸੇਵਾਵਾਂ
## (ਸ਼੍ਰੇਣੀ **I** ਅਤੇ **II** ਅਧਿਕਾਰੀ)
## ਵਿਨਿਯਮ, 1972

ਲੋਗੋ

(31. 8. 2005 ਤੱਕ ਸੋਧਾਂ ਸਹਿਤ)

ਪ੍ਰਕਾਸ਼ਕ

ਸਕੱਤਰ,
ਪੰਜਾਬ ਰਾਜ ਬਿਜਲੀ ਬੋਰਡ,
ਪਟਿਆਲਾ।

2005

# ਵਿਸ਼ਾ ਵਸਤੂ


| ਵਿਨਿਯਮ ਨੰ: | ਵਿਵਰਣ | ਪੰਨਾ ਨੰ : |
|---|---|---|
| 1. | ਸੰਖੇਪ ਸਿਰਲੇਖ, ਆਰੰਭ ਅਤੇ ਲਾਗੂਕਰਣ | 1 |
| 2. | ਪਰਿਭਾਸ਼ਾਵਾਂ | 1 – 2 |
| 3. | ਸੇਵਾ ਦਾ ਕਾਡਰ ਅਤੇ ਇਸ ਵਿੱਚ ਸ਼ਾਮਲ ਆਸਾਮੀਆਂ ਦੀ ਵਿਸ਼ੇਸ਼ਤਾ | 2 |
| 4. | ਸੇਵਾ ਦਾ ਸੰਵਿਧਾਨ | 2 |
| 5. | ਨਿਯੁਕਤੀਆਂ | 2 |
| 6. | ਰਾਸ਼ਟਰੀਅਤਾ ਅਤੇ ਨਿਵਾਸ ਸਥਾਨ | 2 – 3 |
| 7. | ਸੇਵਾ ਵਿੱਚ ਭਰਤੀ | 3 – 9 |
| 8. | ਉਮਰ ਦੀ ਹੱਦ/ ਸੀਮਾਂ | 10 |
| 9. | ਸਿੱਧੀ ਨਿਯੁਕਤੀ ਲਈ ਯੋਗਤਾਵਾਂ | 11 – 14 |
| 10. | ਤਰੱਕੀ ਰਾਹੀਂ ਨਿਯੁਕਤੀ ਲਈ ਯੋਗਤਾਵਾਂ | 14 |
| 11. | ਸਿੱਧੀ ਨਿਯੁਕਤੀ ਦੁਆਰਾ ਭਰਤੀ ਲਈ ਕਾਰਜਵਿਧੀ | 14 – 15 |
| 12. | ਪਦ-ਉਨਤੀ ( promotion ) ਦੁਆਰਾ ਨਿਯੁਕਤੀ | 15 –16 |
| 13. | ਅਜ਼ਮਾਇਸ਼ | 16 |
| 14. | ਅਸਤੀਫਾ | 16 |
| 15. | ਸੇਵਾ ਦੀ ਸਮਾਪਤੀ | 16 – 17 |
| 16. | ਸੀਨੀਅਰਤਾ | 17 – 18 |
| 17. | ਸੇਵਾ ਦੇ ਮੈਂਬਰਾਂ ਦੀ ਤਨਖਾਹ | 18 |
| 18. | ਛੁੱਟੀ, ਪੈਨਸ਼ਨ ਅਤੇ ਹੋਰ ਮਾਮਲੇ | 19 |
| 19. | ਲੋਦਾ ( vaccination ) | 19 |
| 20. | ਸੇਵਾ / ਬਦਲੀ ਲਈ ਜਿੰਮੇਵਾਰੀ | 19 |
| 21. | ਅਨੁਸ਼ਾਸਨ, ਦੰਡ ਅਤੇ ਅਪੀਲ | 19 |
| 22. | ਜਨਰਲ ( ਆਮ ) | 19 |
| 23. | ਰਿਆਇਤ ਦੇਣ ਸਬੰਧੀ ਅਖਤਿਆਰ | 20 |
| | ਅੰਤਿਕਾ ੳ' | 20 – 23 |
| | ਅੰਤਿਕਾ ਅ' | 24 – 27 |
| | ਅੰਤਿਕਾ ੲ' | 28 – 32 |

# ਪੰਜਾਬ ਰਾਜ ਬਿਜਲੀ ਬੋਰਡ

**ਨੰ: 152/ ਰੈਗੂ.- 30/ ਪੰ. ਰਾ. ਬਿ. ਬੋ.** **ਮਿਤੀ ਪਟਿਆਲਾ, 20.3.72**

ਬਿਜਲੀ (ਸਪਲਾਈ) ਐਕਟ, 1948 ਦੀ ਧਾਰਾ 79 ਦੇ ਖੰਡ (ੲ) ਦੁਆਰਾ ਸੌਂਪੇ ਗਏ ਅਖਤਿਆਰਾਂ ਦੀ ਵਰਤੋਂ ਕਰਦਿਆਂ, ਪੰਜਾਬ ਰਾਜ ਬਿਜਲੀ ਬੋਰਡ ਲੇਖਾ ਅਤੇ ਆਮ (ਜਨਰਲ) ਸੇਵਾਵਾਂ ( ਸ਼੍ਰੇਣੀ I ਅਤੇ II ਅਧਿਕਾਰੀਆਂ ) ਉਤੇ ਨਿਯੁਕਤ ਕੀਤੇ ਵਿਅੱਕਤੀਆਂ ਦੀ ਭਰਤੀ ਅਤੇ ਸੇਵਾ ਦੀਆਂ ਸ਼ਰਤਾਂ ਨੂੰ ਸ਼ਾਸ਼ਤ ਕਰਦੇ ਨਿਮਨ ਦਰਜ ਵਿਨਿਯਮ ਬਣਾਉਣ ਵਿੱਚ ਪੰਜਾਬ ਰਾਜ ਬਿਜਲੀ ਬੋਰਡ ਪ੍ਰਸੰਸਤਾ ਅਨੁਭਵ ਕਰਦਾ ਹੈ, ਅਰਥਾਤ : -

## ਸੰਖੇਪ ਸਿਰਲੇਖ, ਆਰੰਭ ਅਤੇ ਲਾਗੂਕਰਣ

1. (1) ਇਹਨਾਂ ਵਿਨਿਯਮ ਨੂੰ "ਪੰਜਾਬ ਰਾਜ ਬਿਜਲੀ ਬੋਰਡ ਲੇਖਾ ਅਤੇ ਆਮ ਸੇਵਾਵਾਂ ਵਿਨਿਯਮ, 1972" ਕਿਹਾ ਜਾਵੇਗਾ।

(2) ਇਹ ਤਰੰਤ ਲਾਗੂ ਹੋਣਗੇ।

(3) ਇਹ ਸੇਵਾ ਦੇ ਹਰ ਇੱਕ ਮੈਂਬਰ ਉਤੇ ਲਾਗੂ ਹੋਣਗੇ।

ਪਰੰਤੂ ਸ਼ਰਤ ਇਹ ਹੈ ਕਿ ਜਿਥੇ ਇਨ੍ਹਾਂ ਵਿਨਿਯਮਾਂ ਵਿਚੋਂ ਕੋਈ ਵੀ ਵਿਨਿਯਮ ਕਿਸੇ ਅਜਿਹੇ ਮੈਂਬਰ ਦਾ ਇਨ੍ਹਾਂ ਵਿਨਿਯਮਾਂ ਦੇ ਲਾਗੂ ਹੋਣ ਦੀ ਮਿਤੀ ਤੋਂ ਤੁਰੰਤ ਪਹਿਲਾਂ, ਉਸ ਨੂੰ ਲਾਗੂ ਹੋਣ ਯੋਗ ਸੇਵਾ ਦੀਆਂ ਸ਼ਰਤਾਂ ਤੇ ਨੁਕਸਾਨ ਹੁੰਦਾ ਹੋਵੇ ਤਾਂ ਅਜਿਹੇ ਮੈਂਬਰ ਨੂੰ ਉਸ ਦੀ ਸੇਵਾ ਦੀਆਂ ਸ਼ਰਤਾਂ ਦੇ ਸਬੰਧ ਵਿੱਚ ਉਸ ਮਿਤੀ ਤੋਂ ਤੁਰੰਤ ਪਹਿਲਾਂ ਲਾਗੂ ਹੋਣ ਯੋਗ ਵਿਨਿਯਮ ਉਸ ਹੱਦ ਤੱਕ ਜਿਨ੍ਹਾਂ ਕਿ ਇਨ੍ਹਾਂ ਵਿਨਿਯਮਾਂ ਵਿਚੋਂ ਕੋਈ ਵੀ ਨੁਕਸਾਨ ਕਰਦੀਆਂ ਹੋਣ, ਉਸ ਨੂੰ ਲਾਗੂ ਹੁੰਦੇ ਰਹਿਣਗੇ।

## ਪਰਿਭਾਸ਼ਾਵਾਂ

ਜਦੋਂ ਤੱਕ ਕਿ ਇਨ੍ਹਾਂ ਵਿਨਿਯਮਾਂ ਵਿੱਚ ਵਿਸ਼ੇ ਜਾਂ ਪ੍ਰਸੰਗ ਅੰਦਰ ਕੋਈ ਪ੍ਰਤਿਕੂਲ ਨਾ ਹੋਵੇ :-

(ੳ) **'ਬੋਰਡ'** ਦਾ ਭਾਵ ਬਿਜਲੀ ( ਸਪਲਾਈ ) ਐਕਟ, 1948 ਦੀ ਧਾਰਾ- 5 ਅਧੀਨ ਸਥਾਪਿਤ ਕੀਤਾ ਗਿਆ ਪੰਜਾਬ ਰਾਜ ਬਿਜਲੀ ਬੋਰਡ ਹੈ ।

(ਅ) **'ਸਰਕਾਰ'** ਦਾ ਭਾਵ ਪੰਜਾਬ ਰਾਜ ਦੀ ਸਰਕਾਰ ਤੋਂ ਹੈ।

(ੲ) **'ਸੇਵਾ'** ਦਾ ਭਾਵ ਪੰਜਾਬ ਰਾਜ ਬਿਜਲੀ ਬੋਰਡ ਲੇਖਾ ਅਤੇ ਆਮ ਸੇਵਾ ਹੈ।

(ਸ) **'ਸਿੱਧੀ ਨਿਯੁਕਤੀ'** ਦਾ ਭਾਵ ਕਿਸੇ ਵਿਅਕਤੀ ਨੂੰ ਸੇਵਾ ਵਿੱਚ ਤਰੱਕੀ ਦੇ ਕੇ ਜਾਂ ਕਿਸੇ ਹੋਰ ਬੋਰਡ ਜਾਂ ਸਰਕਾਰ ਜਾਂ ਸਰਕਾਰ ਦੇ ਕਿਸੇ ਹੋਰ ਅਦਾਰੇ ਵਿੱਚ ਪਹਿਲਾਂ ਹੀ ਸੇਵਾ ਕਰ ਰਹੇ ਕਿਸੇ ਅਫਸਰ ਦੀ ਕੀਤੀ ਗਈ ਬਦਲੀ ਦੁਆਰਾ ਤੋਂ ਹੋਰਵੇਂ ਕੀਤੀ ਗਈ ਨਿਯੁਕਤੀ ਹੈ।

(ਹ) **"ਚੋਣ ਕਮੇਟੀ"** ਦਾ ਭਾਵ ਸੇਵਾ ਵਿੱਚ ਨਿਯੁਕਤੀ ਕਰਨ ਦੇ ਲਈ ਉਮੀਦਵਾਰਾਂ ਦੀ ਚੋਣ ਕਰਨ ਦੇ ਉਦੇਸ਼ ਨਾਲ ਬੋਰਡ ਦੁਆਰਾ ਗਠਿਤ ਕੀਤੀ ਕਮੇਟੀ ਤੋਂ ਹੈ।

(ਕ) **"ਮੈਡੀਕਲ ਅਥਾਰਟੀ"** ਦਾ ਅਰਥ ਪੰਜਾਬ ਰਾਜ ਸਰਕਾਰ ਦਾ ਸਥਾਈ ਮੈਡੀਕਲ ਬੋਰਡ ਹੈ ਜਾਂ ਅਜਿਹੀ ਕੋਈ ਹੋਰ ਅਧਿਕਾਰੀ (ਅਥਾਰਟੀ) ਜਿਵੇਂ ਕਿ ਬੋਰਡ ਦੁਆਰਾ ਨਿਯੁਕਤ ਕੀਤਾ ਗਿਆ ਹੋਵੇ।

(ਖ) **"ਮਾਨਤਾ ਪ੍ਰਾਪਤ ਵਿਸ਼ਵ ਵਿਦਿਆਲਾ (ਯੂਨੀਵਰਸਿਟੀ)"** ਦਾ ਭਾਵ ਭਾਰਤ ਵਿੱਚ ਕਾਨੂੰਨ ਦੁਆਰਾ ਨਿਗਮਿਤ ਕੋਈ ਯੂਨੀਵਰਸਿਟੀ/ ਜਾਂ ਕੋਈ ਹੋਰ ਦੂਜੀ ਯੂਨੀਵਰਸਿਟੀ ਜਿਸ ਨੂੰ ਰਾਜ ਸਰਕਾਰ ਦੁਆਰਾ ਇਹਨਾਂ ਵਿਨਿਯਮਾਂ ਦੇ ਮੰਤਵ ਲਈ ਮਾਨਤਾ ਦਿੱਤੀ ਗਈ ਹੋਵੇ ਤੋਂ ਹੈ।

(ਗ) **"ਨਿਯੁਕਤੀ ਅਧਿਕਾਰੀ"** ਦਾ ਭਾਵ ਉਹ ਅਧਿਕਾਰੀ ਹੈ ਜੋ ਬੋਰਡ ਦੇ ਕਰਮਚਾਰੀ ਦੁਆਰਾ ਧਾਰਨ ਕੀਤੀ ਆਸਾਮੀ ਜਾਂ ਸੇਵਾ ਵਿੱਚ ਨਿਯੁਕਤੀਆਂ ਕਰਨ ਦੇ ਸਮਰੱਥ ਹੈ।

(ਘ) **"ਮਾਤਹਿਤ ਸ਼੍ਰੇਣੀ (ਕਲਾਸ)"** ਵਿੱਚ ਸੁਪਰਡੈਂਟ ਗਰੇਡ- II, ਮਾਤਹਿਤ ਲੇਖਾ ਸੇਵਾ ਲੇਖਾਕਾਰ ਅਤੇ ਅਜਿਹੀਆਂ ਹੋਰ ਦੂਜੀਆਂ ਆਸਾਮੀਆਂ, ਜਿਵੇਂ ਕਿ ਸਮੇਂ ਸਮੇਂ 'ਤੇ ਬੋਰਡ ਦੁਆਰਾ ਸੁਨਿਸਚਿਤ ਕੀਤੀਆਂ ਜਾਣ, ਦੇ ਧਾਰਕ ਸ਼ਾਮਲ ਹਨ।

## ਸੇਵਾ ਦਾ ਕਾਡਰ ਅਤੇ ਇਸ ਵਿੱਚ ਸ਼ਾਮਲ ਆਸਾਮੀਆਂ ਦੀ ਵਿਸ਼ੇਸ਼ਤਾ : -

3. ਸੇਵਾ ਵਿੱਚ ਸ਼੍ਰੇਣੀ I ਅਤੇ II ਦੀਆਂ ਉਹ ਆਸਾਮੀਆਂ ਸ਼ਾਮਲ ਹੋਣਗੀਆਂ ਜਿਹਨਾਂ ਦਾ ਉਲੇਖ ਇਹਨਾਂ ਵਿਨਿਯਮਾਂ ਦੀ ਅੰਤਿਕਾ 'ੳ' ਵਿੱਚ ਕੀਤਾ ਗਿਆ ਹੈ। ਬੋਰਡ ਨੂੰ ਕਾਡਰ ਵਿੱਚਲੀਆਂ ਆਸਾਮੀਆਂ ਦੀ ਗਿਣਤੀ ਜਿਵੇਂ ਕਿ ਇਹ ਜ਼ਰੂਰੀ ਸਮਝੇ ਸਮੇਂ ਸਮੇਂ 'ਤੇ ਚਾਹੇ ਅਸਥਾਈ ਤੌਰ ਤੇ ਜਾਂ ਸਥਾਈ ਤੌਰ ਤੇ ਵਧਾਉਣ ਜਾਂ ਘਟਾਉਣ ਲਈ ਪੂਰੇ ਅਖਤਿਆਰ ਹੋਣਗੇ।

## ਸੇਵਾ ਦਾ ਸੰਵਿਧਾਨ : -

4. ਸੇਵਾ ਵਿੱਚ ਨਿਮਨ ਦਰਜ ਵਿਅਕਤੀ ਸੰਮਿਲਤ ਹੋਣਗੇ ਅਰਥਾਤ : -

(ੳ) ਉਹ ਵਿਅਕਤੀ ਜੋ ਇਹਨਾਂ ਵਿਨਿਯਮਾਂ ਦੇ ਆਰੰਭ ਹੋਣ ਦੇ ਸਮੇਂ 'ਤੇ ਬੋਰਡ ਦੀ ਸੇਵਾ ਵਿੱਚ ਸਨ।

(ਅ) ਉਹ ਵਿਅਕਤੀ ਜੋ ਸੇਵਾ ਵਿੱਚ ਇਹਨਾਂ ਵਿਨਿਯਮਾਂ ਅਨੁਸਾਰ ਨਿਯੁਕਤ ਕੀਤੇ ਗਏ ਸਨ।

## ਨਿਯੁਕਤੀਆਂ : -

5. ਸੇਵਾ ਵਿੱਚ ਸਾਰੀਆਂ ਨਿਯੁਕਤੀਆਂ ( ਸਿੱਧੀ ਨਿਯੁਕਤੀ ਰਾਹੀਂ ਜਾਂ ਪਦ-ਉਨਤੀ ਦੁਆਰਾ ), ਜਿਨ੍ਹਾਂ ਦਾ ਹਵਾਲਾ ਇਹਨਾਂ ਵਿਨਿਯਮਾਂ ਦੀ ਅੰਤਿਕਾ- 'ਅ' ਦੇ ਖਾਨਾ ਨੰ: 1 ਵਿੱਚ ਕੀਤਾ ਗਿਆ ਹੈ, ਉਸ ਦੇ ਖਾਨਾ ਨੰ: 2 ਵਿੱਚ ਉਹਨਾਂ ਵਿਰੁੱਧ ਉਲੇਖ ਕੀਤੇ ਗਏ ਅਧਿਕਾਰੀਆਂ ਦੁਆਰਾ ਕੀਤੀਆਂ ਜਾਣਗੀਆਂ।

## ਰਾਸ਼ਟਰੀਅਤਾ ਅਤੇ ਨਿਵਾਸ ਸਥਾਨ ( **Domicile** )

6. (1) ਕਿਸੇ ਵੀ ਉਮੀਦਵਾਰ ਨੂੰ ਸੇਵਾ ਵਿੱਚ ਉਦੋਂ ਤੱਕ ਨਿਯੁਕਤ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਹ ਨਿਮਨ ਵਿਚੋਂ ਨਾ ਹੋਵੇ : -

ੳ) ਭਾਰਤ ਦਾ ਨਾਗਰਿਕ ; ਜਾਂ

ਅ) ਸਿਕਿਮ ਦਾ ਨਾਗਰਿਕ , ਜਾਂ

ੲ) ਨੇਪਾਲ ਦਾ ਨਾਗਰਿਕ ; ਜਾਂ

ਸ) ਭੂਟਾਨ ਦਾ ਨਾਗਰਿਕ ਨਾ ਹੋਵੇ; ਜਾਂ

ਹ) ਤਿੱਬਤੀ ਸ਼ਰਨਾਰਥੀ , ਜੋ ਭਾਰਤ ਵਿੱਚ ਸਥਾਈ ਰੂਪ ਵਿੱਚ ਰਹਿਣ ਦੀ ਇੱਛਾ ਨਾਲ ਪਹਿਲੀ ਜਨਵਰੀ, 1962 ਤੋਂ ਪਹਿਲਾਂ ਭਾਰਤ ਆਇਆ ਹੋਵੇ ਜਾਂ

ਕ) ਭਾਰਤੀ ਮੂਲ ਦਾ ਕੋਈ ਵਿਅਕਤੀ, ਜੋ ਭਾਰਤ ਵਿੱਚ ਪੱਕੇ ਤੌਰ ਤੇ ਵਸ ਜਾਣ ਦੀ ਨੀਅਤ ਨਾਲ ਪਾਕਿਸਤਾਨ ਤੋਂ ਪਰਵਾਸ ਕਰਕੇ ਆਇਆ ਹੋਵੇ।

**ਪਰੰਤੂ ਸ਼ਰਤ ਇਹ ਹੈ ਕਿ**

(i) (ੲ), (ਸ), (ਹ) ਅਤੇ (ਕ) ਕੈਟਾਗਰੀਆਂ ਨਾਲ ਸਬੰਧਤ ਉਮੀਦਵਾਰ ਉਹ ਵਿਅਕਤੀ ਹੋਵੇਗਾ ਜਿਸ ਦੇ ਹੱਕ ਵਿੱਚ ਭਾਰਤ ਸਰਕਾਰ ਦੁਆਰਾ ਯੋਗਤਾ ਪ੍ਰਮਾਣ ਪੱਤਰ ਜਾਰੀ ਕੀਤਾ ਗਿਆ ਹੋਵੇ।

(ii) ਜੇਕਰ ਉਹ (ਕ) ਕੈਟਾਗਰੀ ਨਾਲ ਸਬੰਧਤ ਹੋਵੇ ਤਾਂ ਯੋਗਤਾ ਪ੍ਰਮਾਣ ਪੱਤਰ ਇੱਕ ਸਾਲ ਲਈ ਜਾਰੀ ਕੀਤਾ ਜਾਵੇਗਾ ਜਿਸ ਮਗਰੋਂ ਅਜਿਹੇ ਉਮੀਦਵਾਰ ਨੂੰ ਉਸ ਦੇ ਭਾਰਤੀ ਨਾਗਰਿਕਤਾ ਪ੍ਰਾਪਤ ਕਰ ਲੈਣ ਦੀ ਸ਼ਰਤ ਅਧੀਨ ਸੇਵਾ ਵਿੱਚ ਰਹਿਣ ਦਿੱਤਾ ਜਾਵੇਗਾ।

(2) ਕਿਸੇ ਅਜਿਹੇ ਉਮੀਦਵਾਰ ਨੂੰ , ਜਿਸ ਦੇ ਕੇਸ ਵਿੱਚ ਪਾਤਰਤਾ ਸਰਟੀਫਿਕੇਟ ਪੇਸ਼ ਕਰਨਾ ਜ਼ਰੂਰੀ ਹੋਵੇ, ਉਸ ਦੇ ਇਸ ਗਲ ਦਾ ਸਬੂਤ ਕਿ ਉਸ ਨੇ ਸਰਟੀਫਿਕੇਟ ਲਈ ਅਪਲਾਈ ਕੀਤਾ ਹੋਇਆ ਹੈ, ਪੇਸ਼ ਕਰਨ ਉਤੇ ਉਸ ਨੂੰ ਬੋਰਡ ਦੁਆਰਾ ਜਾਂ ਕਿਸੇ ਹੋਰ ਭਰਤੀ ਅਧਿਕਾਰੀ ਦੁਆਰਾ ਲਈ ਜਾਂਦੀ ਪ੍ਰੀਖਿਆ ਜਾਂ ਇੰਟਰਵਿਊ ਦੇਣ ਦੀ ਆਗਿਆ ਦਿੱਤੀ ਜਾ ਸਕਦੀ ਹੈ ਅਤੇ ਉਸ ਨੂੰ ਭਾਰਤ ਸਰਕਾਰ ਦੁਆਰਾ ਜ਼ਰੂਰੀ ਸਰਟੀਫਿਕੇਟ ਦਿੱਤੇ ਜਾਣ ਦੀ ਸ਼ਰਤ ਅਧੀਨ ਆਰਜ਼ੀ ਤੌਰ ਤੇ ਨਿਯੁਕਤ ਵੀ ਕੀਤਾ ਜਾ ਸਕਦਾ ਹੈ।

## ਸੇਵਾ ਵਿੱਚ ਭਰਤੀ : -

7. ਸੇਵਾ ਵਿੱਚ ਭਰਤੀ ਨਿਯੁਕਤੀ ਅਧਿਕਾਰੀ ਦੁਆਰਾ ਹੇਠਾਂ ਦਿੱਤੇ ਗਏ ਕਿਸੇ ਵੀ ਤਰੀਕੇ ਨਾਲ, ਜਿਵੇਂ ਕਿ ਹਰ ਇੱਕ ਕੇਸ ਵਿੱਚ ਲਾਗੂ ਹੋਣ ਯੋਗ ਹੋਵੇ, ਕੀਤੀ ਜਾਵੇਗੀ : -

**(ੳ) ਸੁਪਰਡੈਂਟ ( ਗ੍ਰੇਡ- I ) ਦੇ ਕੇਸ ਵਿੱਚ : -**

ਸੁਪਰਡੈਂਟ ਗ੍ਰੇਡ- II ਵਜੋਂ ਘੱਟ ਤੋਂ ਘੱਟ ਇੱਕ (1) ਸਾਲ ਦੀ ਸੇਵਾ ਵਾਲੇ ਸੁਪਰਡੈਂਟ ਗ੍ਰੇਡ- II ਵਿਚੋਂ ਪਦ- ਉਨਤੀ/ ਤਰੱਕੀ ਦੁਆਰਾ।

**(ਅ) ਅਧੀਨ ਸਕੱਤਰਾਂ ਦੇ ਕੇਸ ਵਿੱਚ : -**

ਸੁਪਰਡੈਂਟ ਗ੍ਰੇਡ- I ਅਤੇ ਗ੍ਰੇਡ- II ਦੇ ਤੌਰ ਤੇ ਘੱਟ ਤੋਂ ਘੱਟ ਤਿੰਨ (3) ਸਾਲਾਂ ਦੇ ਤਜਰਬੇ ਸਹਿਤ ਸੁਪਰਡੈਂਟ ਗ੍ਰੇਡ- I (ਹੈੱਡ ਆਫਿਸ) ਵਿਚੋਂ ਚੋਣ ਦੁਆਰਾ।

**(ੲ) ਉਪ ਸਕੱਤਰਾਂ ਦੇ ਕੇਸ ਵਿੱਚ : -**

ਅਧੀਨ ਸਕੱਤਰ ਦੇ ਤੌਰ ਤੇ ਘੱਟ ਤੋਂ ਘੱਟ 1 ਸਾਲ ਦੇ ਤਜਰਬੇ ਸਹਿਤ ਅਧੀਨ ਸਕੱਤਰਾਂ ਵਿਚੋਂ ਚੋਣ ਦੁਆਰਾ।

**(ਸ) ਲੇਖਾ ਅਫਸਰਾਂ ਦੇ ਕੇਸ ਵਿੱਚ : -**

(i) ਕੁਲ ਕਾਡਰ ਆਸਾਮੀਆਂ ਦਾ 70 % ਯੋਗਤਾ ਪ੍ਰਾਪਤ ਐਸ. ਏ. ਐਸ. ਲੇਖਾਕਾਰਾਂ ( ਜਿਨ੍ਹਾਂ ਨੇ ਵਾਸਤਵ ਵਿੱਚ ਐਸ. ਏ. ਐਸ. ਭਾਗ- I ਅਤੇ ਭਾਗ- II ਪ੍ਰੀਖਿਆ ਪਾਸ ਕਰ ਲਈ ਹੈ ) ਅਤੇ ਇਸ ਤਰ੍ਹਾਂ ਘੱਟ ਤੋਂ ਘੱਟ 5 ਸਾਲਾਂ ਦੀ ਸੇਵਾ ਕਰ ਚੁੱਕੇ ਹਨ, ਵਿਚੋਂ ਪਦ-ਉਨਤੀ ਦੁਆਰਾ ।

(ii) ਕੁੱਲ ਕਾਡਰ ਆਸਾਮੀਆਂ ਦਾ 30 % ਸਿੱਧੀ ਭਰਤੀ ਦੁਆਰਾ ।

ਪਰੰਤੂ ਸ਼ਰਤ ਇਹ ਹੈ ਕਿ ਸਿੱਧੀ ਭਰਤੀ ਲਈ ਉਚਿਤ ਯੋਗਤਾ ਪ੍ਰਾਪਤ ਉਮੀਦਵਾਰਾਂ ਦੇ ਉਪਲੱਬਧ ਨਾ ਹੋਣ ਦੇ ਮੌਕੇ 'ਤੇ ਖਾਲੀ ਆਸਾਮੀਆਂ ਨੂੰ ਵਿਭਾਗੀ ਪਦ-ਉਨਤੀ ਦੁਆਰਾ ਭਰਿਆ ਜਾ ਸਕਦਾ ਹੈ।

(ਹ) ਕੱਢ ਦਿੱਤਾ ਗਿਆ ਹੈ।

**(ਕ) ਉਪ ਮੁੱਖ ਲੇਖਾ ਅਫਸਰ ਦੇ ਕੇਸ ਵਿੱਚ : -**

(i) ਲੇਖਾ ਅਫਸਰਾਂ/ ਸੀਨੀਅਰ ਲੇਖਾ ਅਫਸਰਾਂ ਵਿਚੋਂ ਚੋਣ ਦੁਆਰਾ, ਜਿਨ੍ਹਾਂ ਨੇ ਲੇਖਾ ਅਫਸਰ/ ਸੀਨੀਅਰ ਲੇਖਾ ਅਫਸਰ ਦੇ ਤੌਰ ਤੇ ਘੱਟ ਤੋਂ ਘੱਟ 8 ਸਾਲਾਂ ਦੀ ਸੇਵਾ ਕੀਤੀ ਹੋਈ ਹੋਵੇ।

(ii) ਉਹਨਾਂ ਯੋਗਤਾ ਪ੍ਰਾਪਤ ਚਾਰਟਿਡ ਲੇਖਾਕਾਰਾਂ/ ਕਾਸਟ ਅਤੇ ਵਰਕਸ ਲੇਖਾਕਾਰਾਂ ਵਿਚੋਂ ਸਿੱਧੀ ਭਰਤੀ ਦੁਆਰਾ ਜੋ ਕਿ ਕਾਡਰ ਨਫਰੀ ਦਾ 30 % ਤੋਂ ਵੱਧ ਨਾ ਹੋਵੇ, ਜਿਨ੍ਹਾਂ ਕੋਲ ਵੱਡੀ ਕੰਪਨੀ ਤਰਜੀਹੀ ਤੌਰ ਤੇ ਜਨ- ਉਪਯੋਗੀ ਸੇਵਾ ਸੰਸਥਾ ਵਿੱਚ ਘੱਟ ਤੋਂ ਘੱਟ 7 ਸਾਲਾਂ ਦੀ ਸੇਵਾ ਦਾ ਤਜਰਬਾ ਹੋਵੇ ਜਿਸ ਵਿਚੋਂ ਘੱਟ ਤੋਂ ਘੱਟ 5 ਸਾਲਾਂ ਦਾ ਤਜਰਬਾ ਚਾਰਟਿਡ ਲੇਖਾਕਾਰਾਂ/ ਕਾਸਟ ਅਤੇ ਵਰਕਸ ਲੇਖਾਕਾਰ ਪ੍ਰੀਖਿਆ ਪਾਸ ਕਰਨ ਮਗਰੋਂ ਦਾ ਹੋਣਾ ਚਾਹੀਦਾ ਹੈ, ਜੇਕਰ ਨਿਯੁਕਤੀ ਅਧਿਕਾਰੀ ਦੀ ਰਾਇ ਵਿੱਚ ਵਿਭਾਗੀ ਚੋਣ ਦੁਆਰਾ ਇਹਨਾਂ ਆਸਾਮੀਆਂ ਨੂੰ ਭਰਨ ਲਈ ਢੁਕਵੇਂ ਉਮੀਦਵਾਰ ਉਪਲੱਬਧ ਨਾ ਹੋਣ।

**(ਕਕ) ਮੁੱਖ ਲੇਖਾ ਅਫਸਰ ਦੇ ਕੇਸ ਵਿੱਚ : -**

ਉਪ ਮੁੱਖ ਲੇਖਾ ਅਫਸਰ (ਅਫਸਰਾਂ), ਜਿਨ੍ਹਾਂ ਕੋਲ ਇਸ ਤਰ੍ਹਾਂ ਘੱਟੋ ਘੱਟ 5 ਸਾਲਾਂ ਦਾ ਤਜਰਬਾ ਹੋਵੇ, ਵਿਚੋਂ ਚੋਣ ਦੁਆਰਾ।

**(ਕਕਕ) ਮੁੱਖ ਲੇਖਾ- ਪੜਤਾਲਕਾਰ ਦੇ ਕੇਸ ਵਿੱਚ : -**

ਉਪ ਮੁੱਖ ਲੇਖਾ ਅਫਸਰ (ਅਫਸਰਾਂ) , ਜਿਨ੍ਹਾਂ ਕੋਲ ਇਸ ਤਰ੍ਹਾਂ ਘੱਟੋ ਘੱਟ 5 ਸਾਲਾਂ ਦਾ ਤਜਰਬਾ ਹੋਵੇ, ਵਿਚੋਂ ਚੋਣ ਦੁਆਰਾ।

**(ਖ) ਲੋਕ ਸੰਪਰਕ ਅਫਸਰ ਦੇ ਕੇਸ ਵਿੱਚ : -**

(i) ਸਿੱਧੀ ਨਿਯੁਕਤੀ ਦੁਆਰਾ।

(ii) ਪ੍ਰਚਾਰ ਸੁਪਰਵਾਈਜ਼ਰਾਂ ( Publicity Supervisors ) ਵਿਚੋਂ ਪਦ-ਉਨਤੀ ਦੁਆਰਾ।

(iii) ਕਿਸੇ ਅਫਸਰ ਦੀ ਬਦਲੀ ਜਾਂ ਪ੍ਰਤਿਨਿਯੁਕਤੀ ( deputation ) ਦੁਆਰਾ, ਜੋ ਪਹਿਲਾਂ ਹੀ ਸਰਕਾਰੀ ਜਾਂ ਕਿਸੇ ਹੋਰ ਦੂਜੇ ਰਾਜ ਬਿਜਲੀ ਬੋਰਡ ਜਾਂ ਸਰਕਾਰ ਦੇ ਕਿਸੇ ਅਦਾਰੇ ਦੀ ਸੇਵਾ ਕਰ ਰਿਹਾ ਹੋਵੇ।

**(ਗ) ਸਹਾਇਕ ਸਰਜਨ ਸ਼੍ਰੇਣੀ- II ਦੇ ਕੇਸ ਵਿੱਚ : -**

(i) ਸਿੱਧੀ ਨਿਯੁਕਤੀ ਦੁਆਰਾ।

(ii) ਕਿਸੇ ਅਫਸਰ ਦੀ ਬਦਲੀ ਜਾਂ ਪ੍ਰਤਿਨਿਯੁਕਤੀ ( deputation ) ਦੁਆਰਾ, ਜੋ ਪਹਿਲਾਂ ਹੀ ਸਰਕਾਰੀ ਜਾਂ ਕਿਸੇ ਹੋਰ ਦੂਜੇ ਰਾਜ ਬਿਜਲੀ ਬੋਰਡ ਜਾਂ ਸਰਕਾਰ ਦੇ ਕਿਸੇ ਅਦਾਰੇ ਦੀ ਸੇਵਾ ਕਰ ਰਿਹਾ ਹੋਵੇ।

**(ਘ) ਉਦਯੋਗਿਕ ਸੰਪਰਕ ਅਫਸਰ ਦੇ ਕੇਸ ਵਿੱਚ : -**
( ਇਸ ਤੋਂ ਪਹਿਲਾਂ ਕਿਰਤ ਭਲਾਈ ਅਫਸਰ ਦੇ ਤੌਰ ਤੇ ਜਾਣੇ ਜਾਂਦੇ )

(i) ਸਿੱਧੀ ਨਿਯੁਕਤੀ ਦੁਆਰਾ।

(ii) ਕਿਸੇ ਅਫਸਰ ਦੀ ਬਦਲੀ ਜਾਂ ਪ੍ਰਤਿਨਿਯੁਕਤੀ ( deputation ) ਦੁਆਰਾ, ਜੋ ਪਹਿਲਾਂ ਹੀ ਸਰਕਾਰੀ ਜਾਂ ਕਿਸੇ ਹੋਰ ਦੂਜੇ ਰਾਜ ਬਿਜਲੀ ਬੋਰਡ ਜਾਂ ਸਰਕਾਰ ਦੇ ਕਿਸੇ ਅਦਾਰੇ ਦੀ ਸੇਵਾ ਕਰ ਰਿਹਾ ਹੋਵੇ।

**(ਙ) ਉਪ ਸਕੱਤਰ/ ਚੌਕਸੀ (ਇਸ ਤੋਂ ਪਹਿਲਾਂ ਚੌਕਸੀ ਅਫਸਰ ਦੇ ਤੌਰ ਤੇ ਜਾਣੇ ਜਾਂਦੇ ) ਅਤੇ ਉਪ ਚੌਕਸੀ ਅਫਸਰ ਦੇ ਕੇਸ ਵਿੱਚ : -**

(i) ਇੰਜੀਨਅਰਿੰਗ ਅਫਸਰਾਂ ਵਿੱਚੋਂ।

(ii) ਰਿਟਾਇਰਡ ਸਰਕਾਰੀ/ ਬੋਰਡ ਕਰਮਚਾਰੀਆਂ ਦੀ ਮੁੜ- ਨਿਯੁਕਤੀ ਦੁਆਰਾ।

(iii) ਕਿਸੇ ਅਫਸਰ ਦੀ ਬਦਲੀ ਜਾਂ ਪ੍ਰਤਿਨਿਯੁਕਤੀ ( deputation ) ਦੁਆਰਾ, ਜੋ ਪਹਿਲਾਂ ਹੀ ਸਰਕਾਰੀ ਜਾਂ ਕਿਸੇ ਰਾਜ ਬਿਜਲੀ ਬੋਰਡ ਆਦਿ ਦੀ ਸੇਵਾ ਵਿੱਚ ਹੋਵੇ।

**(ਚ) ਅੰਕੜਾ ( statistical ) ਅਫਸਰ ਦੇ ਕੇਸ ਵਿੱਚ : -**

(i) ਸਿੱਧੀ ਨਿਯੁਕਤੀ ਦੁਆਰਾ।

(ii) ਕਿਸੇ ਅਫਸਰ ਦੀ ਬਦਲੀ ਜਾਂ ਪ੍ਰਤਿਨਿਯੁਕਤੀ ( deputation ) ਦੁਆਰਾ, ਜੋ ਸਰਕਾਰੀ ਜਾਂ ਕਿਸੇ ਹੋਰ ਦੂਜੇ ਰਾਜ ਬਿਜਲੀ ਬੋਰਡ ਜਾਂ ਸਰਕਾਰ ਦੇ ਕਿਸੇ ਅਦਾਰੇ ਦੀ ਸੇਵਾ ਪਹਿਲਾਂ ਹੀ ਕਰ ਰਿਹਾ ਹੋਵੇ।

**(ਛ) ਸਹਾਇਕ ਆਰਕੀਟੈਕਟ ਦੇ ਕੇਸ ਵਿੱਚ : -**

(i) ਸਿੱਧੀ ਨਿਯੁਕਤੀ ਦੁਆਰਾ 75 %

(ii) ਆਰਕੀਟੈਕਚਰਲ ਸਹਾਇਕਾਂ ਵਿਚੋਂ ਪਦ-ਉਨਤੀ ਦੁਆਰਾ, ਜਿਨ੍ਹਾਂ ਕੋਲ ਸਹਾਇਕ ਆਰਕੀਟੈਕਟ ਦੀ ਆਸਾਮੀ ਲਈ ਨਿਰਧਾਰਿਤ ਕੀਤੀਆਂ ਗਈਆਂ ਘੱਟ ਤੋਂ ਘੱਟ ਯੋਗਤਾਵਾਂ ਹੋਣ ਅਤੇ ਬੋਰਡ ਵਿੱਚ ਕੰਮ ਕਰ ਰਹੇ ਹੋਣ। 25 %

**(ਛਛ) ਆਰਕੀਟੈਕਟਾਂ ਦੇ ਕੇਸ ਵਿੱਚ : -**

(i) ਸਹਾਇਕ ਆਰਕੀਟੈਕਟ ਵਿਚੋਂ ਪਦ-ਉਨਤੀ ਦੁਆਰਾ, ਜਿਨ੍ਹਾਂ ਨੇ ਸਹਾਇਕ ਆਰਕੀਟੈਕਟ ਦੇ ਤੌਰ ਤੇ ਘੱਟ ਤੋਂ ਘੱਟ 8 ਸਾਲਾਂ ਦੀ ਸੇਵਾ ਕੀਤੀ ਹੋਵੇ ਅਤੇ ਬੀ ਆਰਕੀਟੈਕਟ ਜਾਂ ਇਸ ਦੇ ਬਰਾਬਰ ਦੀ ਯੋਗਤਾ ਰੱਖਦੇ ਹੋਣ।

(ii) ਕਿਸੇ ਅਫਸਰ ਦੀ ਬਦਲੀ ਦੁਆਰਾ, ਜੋ ਪਹਿਲਾਂ ਹੀ ਸਰਕਾਰੀ ਜਾਂ ਕਿਸੇ ਹੋਰ ਦੂਜੇ ਰਾਜ ਬਿਜਲੀ ਬੋਰਡ ਜਾਂ ਸਰਕਾਰ ਦੇ ਕਿਸੇ ਅਦਾਰੇ ਦੀ ਸੇਵਾ ਵਿੱਚ ਹੋਵੇ ਅਤੇ ਬੀ ਆਰਕੀਟੈਕਟ ਜਾਂ ਇਸ ਦੇ ਬਰਾਬਰ ਦੀ ਯੋਗਤਾ ਰੱਖਦਾ ਹੋਵੇ।

**(ਛਛਛ) ਸੀਨੀਅਰ ਆਰਕੀਟੈਕਟ ਦੇ ਕੇਸ ਵਿੱਚ : -**

(i) ਆਰਕੀਟੈਕਟਾਂ ਵਿਚੋਂ ਚੋਣ ਦੁਆਰਾ, ਜਿਨ੍ਹਾਂ ਨੇ ਆਰਕੀਟੈਕਟ ਦੇ ਤੌਰ ਤੇ ਘੱਟ ਤੋਂ ਘੱਟ 10 ਸਾਲਾਂ ਦੀ ਸੇਵਾ ਕੀਤੀ ਹੋਵੇ ਅਤੇ ਬੀ ਆਰਕੀਟੈਕਟ ਜਾਂ ਇਸ ਦੇ ਬਰਾਬਰ ਦੀ ਯੋਗਤਾ ਰੱਖਦਾ ਹੋਵੇ।

(ii) ਕਿਸੇ ਅਫਸਰ ਦੀ ਬਦਲੀ ਦੁਆਰਾ, ਜੋ ਪਹਿਲਾਂ ਹੀ ਸਰਕਾਰੀ ਜਾਂ ਕਿਸੇ ਹੋਰ ਦੂਜੇ ਰਾਜ ਬਿਜਲੀ ਬੋਰਡ ਜਾਂ ਸਰਕਾਰ ਦੇ ਕਿਸੇ ਅਦਾਰੇ ਦੀ ਸੇਵਾ ਵਿੱਚ ਹੋਵੇ ਅਤੇ ਬੀ ਆਰਕੀਟੈਕਟ ਜਾਂ ਇਸ ਦੇ ਬਰਾਬਰ ਦੀ ਯੋਗਤਾ ਰੱਖਦਾ ਹੋਵੇ।

**(ਜ) ਭਾਸ਼ਾ ਅਫਸਰ ਦੇ ਕੇਸ ਵਿੱਚ : –**

(i) ਸਿੱਧੀ ਨਿਯੁਕਤੀ ਦੁਆਰਾ।

(ii) ਕਿਸੇ ਅਫਸਰ ਦੀ ਬਦਲੀ ਜਾਂ ਪ੍ਰਤਿਨਿਯੁਕਤੀ ( deputation ) ਦੁਆਰਾ, ਜੋ ਪਹਿਲਾਂ ਹੀ ਸਰਕਾਰੀ ਜਾਂ ਕਿਸੇ ਹੋਰ ਦੂਜੇ ਰਾਜ ਬਿਜਲੀ ਬੋਰਡ ਜਾਂ ਸਰਕਾਰ ਦੇ ਕਿਸੇ ਅਦਾਰੇ ਦੀ ਸੇਵਾ ਵਿੱਚ ਹੋਵੇ।

**(ਝ) ਕਿਰਤ ਭਲਾਈ ਅਫਸਰ ਦੇ ਕੇਸ ਵਿੱਚ : –**

(i) ਕਿਰਤ ਅਤੇ ਭਲਾਈ ਇੰਸਪੈਕਟਰਾਂ/ ਉਦਯੋਗਿਕ ਸੰਪਰਕ ਇੰਸਪੈਕਟਰਾਂ ਵਿਚੋਂ 66 ⅔ ਪਦ–ਉਨਤੀ ਦੁਆਰਾ ।

ਅਤੇ

(ii) 33 ⅓ ਸਿੱਧੀ ਨਿਯੁਕਤੀ ਦੁਆਰਾ ਅਤੇ ਕਿਸੇ ਅਫਸਰ ਦੀ ਬਦਲੀ ਜਾਂ ਪ੍ਰਤਿਨਿਯੁਕਤੀ ( deputation ) ਦੁਆਰਾ, ਜੋ ਪਹਿਲਾਂ ਹੀ ਸਰਕਾਰੀ ਜਾਂ ਕਿਸੇ ਹੋਰ ਦੂਜੇ ਰਾਜ ਬਿਜਲੀ ਬੋਰਡ ਜਾਂ ਸਰਕਾਰ ਦੇ ਕਿਸੇ ਅਦਾਰੇ ਦੀ ਸੇਵਾ ਕਰ ਰਿਹਾ ਹੋਵੇ।

**(ਞ) ਨਿੱਜੀ ਸਕੱਤਰਾਂ ਦੇ ਕੇਸ ਵਿੱਚ : –**

ਨਿੱਜੀ ਸਹਾਇਕ ਦੇ ਤੌਰ ਤੇ ਘੱਟ ਤੋਂ ਘੱਟ 3 ਸਾਲਾਂ ਦੇ ਤਜਰਬੇ ਵਾਲੇ ਨਿੱਜੀ ਸਹਾਇਕਾਂ ਵਿਚੋਂ ਪਦ–ਉਨਤੀ ਦੁਆਰਾ।

**(ਟ) ਸ਼ਿਕਵਾ–ਸ਼ਿਕਾਇਤ ਅਫਸਰ/ ਤਾਲਮੇਲ– ਕਮ – ਸਿਸ਼ਟਾਚਾਰ (Liasion- cum -Protocol ) ਅਫਸਰ ਦੇ ਕੇਸ ਵਿੱਚ : –**

ਨਿੱਜੀ ਸਕੱਤਰਾਂ ਵਿਚੋਂ ਚੋਣ ਦੁਆਰਾ, ਜਿਨ੍ਹਾਂ ਦਾ ਨਿੱਜੀ ਸਕੱਤਰ ਦੇ ਤੌਰ ਤੇ ਘੱਟ ਤੋਂ ਘੱਟ 5 ਸਾਲਾਂ ਦਾ ਤਜਰਬਾ ਹੋਵੇ।

**(ਠ) ਸੀਨੀਅਰ ਨਿੱਜੀ ਸਕੱਤਰਾਂ/ ਅਧੀਨ ਸਕੱਤਰਾਂ ਦੇ ਕੇਸ ਵਿੱਚ : –**

(i) ਨਿੱਜੀ ਸਕੱਤਰਾਂ ਵਿਚੋਂ ਚੋਣ ਦੁਆਰਾ, ਜਿਨ੍ਹਾਂ ਨੇ ਨਿੱਜੀ ਸਕੱਤਰ ਦੇ ਤੌਰ ਤੇ ਘੱਟ ਤੋਂ ਘੱਟ 4 ਸਾਲਾਂ ਦਾ ਸੇਵਾ ਕੀਤੀ ਹੋਵੇ।

(ii) ਅਧੀਨ ਸਕੱਤਰ/ ਸੀਨੀਅਰ ਨਿੱਜੀ ਸਕੱਤਰ ਵਿਚੋਂ ਚੋਣ ਦੁਆਰਾ, ਜਿਨ੍ਹਾਂ ਨੇ ਅਧੀਨ ਸਕੱਤਰ/ ਸੀਨੀਅਰ ਨਿੱਜੀ ਸਕੱਤਰ ਦੇ ਤੌਰ ਤੇ ਘੱਟ ਤੋਂ ਘੱਟ 2 ਸਾਲਾਂ ਦੀ ਸੇਵਾ ਕੀਤੀ ਹੋਵੇ।

**(ਡ) ਪੁਲਿਸ ਸੁਪਰਡੈਂਟ ਦੇ ਕੇਸ ਵਿੱਚ : –**

**(i)** ਪੰਜਾਬ ਪੁਲਿਸ, ਭਾਰਤੀ ਪੁਲਿਸ ਸੇਵਾ ਵਿਚੋਂ ਜਾਂ ਕਿਸੇ ਉਚਿਤ ਬਲ (ਫੋਰਸ) ਜਿਵੇਂ ਬੀ. ਐਸ. ਐਫ., ਸੀ. ਆਰ. ਪੀ. ਐਫ., ਆਈ. ਟੀ. ਬੀ. ਪੀ ਆਦਿ ਵਿੱਚੋਂ ਉਚਿਤ ਰੈਂਕ ਦੇ ਅਫਸਰ ਦੀ ਪ੍ਰਤਿਨਿਯੁਕਤੀ ਦੁਆਰਾ।

(ii) ਪੰਜਾਬ ਰਾਜ ਬਿਜਲੀ ਬੋਰਡ ਵਿੱਚ ਉਪ ਸੁਪਰਡੈਂਟ ਪੁਲਿਸ ਦੀ ਆਸਾਮੀ ਵਿਰੁੱਧ ਸੇਵਾ ਕਰ ਰਹੇ ਅਫਸਰ (ਅਫਸਰਾਂ), ਜੋ ਸਥਾਈ ਰੂਪ ਵਿੱਚ ਜਜ਼ਬ ਕੀਤੇ ਗਏ ਹੋਣ, ਅਤੇ ਜਿਨ੍ਹਾਂ ਕੋਲ ਬੋਰਡ ਵਿੱਚ ਉਪ ਸੁਪਰਡੈਂਟ ਪੁਲਿਸ ਦੇ ਤੌਰ ਤੇ ਜਾਂ ਉਸ ਫੋਰਸ, ਜਿਸ ਤੋਂ ਜਜ਼ਬ ਕੀਤੇ ਗਏ ਹੋਣ, ਵਿੱਚ ਬਰਾਬਰ ਦੀ ਆਸਾਮੀ ਉਤੇ ਘੱਟ ਤੋਂ ਘੱਟ ਅੱਠ (8) ਸਾਲਾਂ ਦਾ ਤਜਰਬਾ ਹੋਵੇ ਵਿਚੋਂ ਪਦ-ਉਨਤੀ ਦੁਆਰਾ।

**(ਢ) ਡਿਪਟੀ ਸੁਪਰਡੈਂਟ ਆਫ ਪੁਲਿਸ ਦੇ ਕੇਸ ਵਿੱਚ : -**

(i) ਪੰਜਾਬ ਪੁਲਿਸ ਜਾਂ ਕਿਸੇ ਹੋਰ ਫੋਰਸ ਜਿਵੇਂ ਕਿ ਬੀ. ਐਸ. ਐਫ., ਸੀ. ਆਰ. ਪੀ. ਐਫ., ਆਈ. ਟੀ. ਬੀ. ਪੀ ਆਦਿ ਵਿਚੋਂ ਉਚਿਤ ਰੈਂਕ ਦੇ ਕਿਸੇ ਅਫਸਰ ਦੀ ਪ੍ਰਤਿਨਿਯੁਕਤੀ ਦੁਆਰਾ।

(ii) ਉਚਿਤ ਵਿਅਕਤੀ, ਜਿਸ ਦੀ ਪੁਲਿਸ ਵਿਭਾਗ ਜਾਂ ਕਿਸੇ ਹੋਰ ਫੋਰਸ ਜਿਵੇਂ ਕਿ ਬੀ. ਐਸ. ਐਫ., ਸੀ. ਆਰ. ਪੀ. ਐਫ., ਆਈ. ਟੀ. ਬੀ. ਪੀ ਆਦਿ ਵਿੱਚ ਘੱਟ ਤੋਂ ਘੱਟ ਪੰਜ (5) ਸਾਲਾਂ ਦੀ ਸੇਵਾ ( ਪੰਜਾਬ ਸਰਕਾਰ ਦੇ ਡਿਪਟੀ ਸੁਪਰਡੈਂਟ ਪੁਲਿਸ ਦੇ ਬਰਾਬਰ ਦੇ ਰੈਂਕ ਵਿੱਚ) ਹੋਵੇ, ਦੀ ਬਦਲੀ ਉਤੇ ਸਥਾਈ ਰੂਪ ਵਿੱਚ ਜਜ਼ਬੀਕਰਣ (absorption ) ਦੁਆਰਾ।

(iii) ਡੀ. ਐਸ. ਪੀਜ਼. / ਸਹਾਇਕ ਕਮਾਂਡੈਂਟ ਦੀਆਂ 25 % ਆਸਾਮੀਆਂ ਨੂੰ ਪੰਜਾਬ ਸਰਕਾਰ ਵਿੱਚ ਪਰਚਲਿਤ ਅਨੁਸਾਰ ਯੋਗਤਾਵਾਂ ਅਤੇ ਤਜਰਬਾ ਰੱਖਣ ਵਾਲੇ ਵਿਭਾਗੀ ਮੁੱਖ ਸਿਕਿਓਰਟੀ ਇੰਸਪੈਕਟਰਾਂ ਦੀ ਪਦ-ਉਨਤੀ ਦੁਆਰਾ ਭਰਿਆ ਜਾਵੇਗਾ।

**(ਣ) ਸਟਾਕ ਜਾਂਚ-ਪੜਤਾਲ ( verification ) ਅਫਸਰ ਦੇ ਕੇਸ ਵਿੱਚ : -**

ਸਟਾਕ ਜਾਂਚ- ਪੜਤਾਲਕਾਰਾਂ, ਜਿਨ੍ਹਾਂ ਦੀ ਸਟਾਕ ਜਾਂਚ- ਪੜਤਾਲਕਾਰ ਦੇ ਤੌਰ ਤੇ ਘੱਟ ਤੋਂ ਘੱਟ 5 (ਪੰਜ) ਸਾਲਾਂ ਦੀ ਸੇਵਾ ਹੋਵੇ ਅਤੇ ਮੈਟ੍ਰਿਕ ਪੱਧਰ ਤੱਕ ਦੀ ਪੰਜਾਬੀ ਪਾਸ ਹੋਵੇ, ਵਿਚੋਂ ਪਦ-ਉਨਤੀ ਦੁਆਰਾ।

**(ਤ) ਮੁੱਖ ਭਲਾਈ ਅਫਸਰ ਦੇ ਕੇਸ ਵਿੱਚ : -**

(ੳ) ਨਿਮਨ ਦਰਜ ਯੋਗਤਾਵਾਂ / ਤਜਰਬਾ ਰੱਖਣ ਵਾਲੇ ਸੀਨੀਅਰਤਾ- ਕਮ- ਮੈਰਿਟ ਦੇ ਆਧਾਰ ਉਤੇ ਕਿਰਤ ਭਲਾਈ ਅਫਸਰਾਂ ਵਿਚੋਂ ਪਦ-ਉਨਤੀ ਦੁਆਰਾ : -

(i) ਪੰਜਾਬ ਰਾਜ ਦੀ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਕਿਸੇ ਵੀ ਯੂਨੀਵਰਸਿਟੀ ਤੋਂ ਗਰੈਜੂਏਟ।

(ii) ਪੰਜਾਬ ਰਾਜ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਕਿਸੇ ਵੀ ਯੂਨੀਵਰਸਿਟੀ / ਸੰਸਥਾ ਤੋਂ ਉਦਯੋਗਿਕ ਸੰਪਰਕ ਅਤੇ ਪ੍ਰਸੋਨਲ ਮੈਨੇਜਮੈਂਟ ਵਿੱਚ ਪੋਸਟ ਗਰੈਜੂਏਟ ਡਿਪਲੋਮਾ।

(iii) ਕਿਰਤ ਭਲਾਈ ਅਫਸਰ ਦੇ ਤੌਰ ਤੇ ਪੰਜ (5) ਸਾਲਾਂ ਦਾ ਤਜਰਬਾ।

(iv) ਮੈਟ੍ਰਿਕ ਪੱਧਰ ਤੱਕ ਪੰਜਾਬੀ।

(ਅ) ਯੋਗ ਵਿਭਾਗੀ ਉਮੀਦਵਾਰਾਂ ਦੇ ਉਪਲੱਬਧ ਨਾ ਹੋਣ ਦੇ ਮੌਕੇ 'ਤੇ ਆਸਾਮੀ ਨੂੰ ਉਹਨਾਂ ਵਿਅਕਤੀਆਂ ਦੀ ਸਿੱਧੀ ਭਰਤੀ/ ਬਦਲੀ ਦੁਆਰਾ ਭਰਿਆ ਜਾਵੇਗਾ, ਜਿਹੜੇ ਨਿਮਨ ਦਰਜ ਯੋਗਤਾਵਾਂ ਅਤੇ ਤਜਰਬਾ ਰੱਖਦੇ ਹੋਣ : -

(i) ਪੰਜਾਬ ਰਾਜ ਦੀ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਕਿਸੇ ਵੀ ਯੂਨੀਵਰਸਿਟੀ ਤੋਂ ਗਰੈਜੂਏਟ।

(ii) ਪੰਜਾਬ ਰਾਜ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਕਿਸੇ ਵੀ ਯੂਨੀਵਰਸਿਟੀ ਤੋਂ ਐਲ. ਐਲ. ਬੀ. ( ਪੇਸ਼ਾਵਾਰਾਨਾ [professional ] )

(iii) ਪੰਜਾਬ ਰਾਜ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਕਿਸੇ ਵੀ ਯੂਨੀਵਰਸਿਟੀ / ਸੰਸਥਾ ਤੋਂ ਉਦਯੋਗਿਕ ਸੰਪਰਕ ਅਤੇ ਪ੍ਰਸੋਨਲ ਮੈਨੇਜਮੈਂਟ ਵਿੱਚ ਪੋਸਟ ਗਰੈਜੂਏਟ ਡਿਪਲੋਮਾ।

(iv) ਮੈਟ੍ਰਿਕ ਪੱਧਰ ਤੱਕ ਪੰਜਾਬੀ।

(v) ਸਰਕਾਰੀ/ ਅਰਧ ਸਰਕਾਰੀ/ ਪ੍ਰਾਈਵੇਟ ਉਦਯੋਗ, ਜਿਸ ਵਿੱਚ 1000 ਤੋਂ ਘੱਟ ਕਰਮਚਾਰੀ ਲੱਗੇ ਹੋਏ ਨਾ ਹੋਣ, ਵਿੱਚ ਕਿਰਤ ਭਲਾਈ/ ਉਦਯੋਗਿਕ ਸੰਪਰਕ ਦਾ 5 (ਪੰਜ) ਸਾਲਾਂ ਦਾ ਤਜਰਬਾ ਹੋਵੇ।

**(ਥ) ਸਿਸਟਮ ਸਾਫਟਵੇਅਰ ਮੈਨੇਜਰ ਦੇ ਕੇਸ ਵਿੱਚ : -**

(ੳ) ਸੀਨੀਅਰਤਾ- ਕਮ- ਮੈਰਿਟ ਦੇ ਆਧਾਰ ਉਤੇ ਸਿਸਟਮ ਐਨਾਲਿਸਟਾਂ, ਜਿਨ੍ਹਾਂ ਦੀ ਸਿਸਟਮ ਐਨਾਲਿਸਟ ਦੇ ਤੌਰ ਤੇ ਘੱਟ ਤੋਂ ਘੱਟ 10 (ਦਸ) ਸਾਲਾਂ ਦੀ ਸੇਵਾ ਹੋਵੇ, ਵਿਚੋਂ ਪਦ-ਉਨਤੀ ਦੁਆਰਾ।

(ਅ) ਸੇਵਾਵਾਂ ਦੇ ਮੈਂਬਰਾਂ ਨੂੰ ਨਿਮਨ ਦਰਜ ਪ੍ਰੀਖਿਆਵਾਂ ਪਾਸ ਕਰਨੀਆਂ ਪੈਣਗੀਆਂ : -

(i) ਪਦ-ਉਨਤੀ ਦੀ ਮਿਤੀ ਤੋਂ 3 ਸਾਲਾਂ ਦੇ ਅੰਦਰ ਅੰਦਰ ( 6 ਅਵਸਰਾਂ ਵਿੱਚ ) ਬੋਰਡ ਦੇ ਇੰਜੀਨੀਅਰਿੰਗ ਅਫਸਰਾਂ ਲਈ ਨਿਰਧਾਰਿਤ ਕੀਤੀ ਗਈ ਵਿਭਾਗੀ ਲੇਖਾ ਪ੍ਰੀਖਿਆ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕੋਈ ਵੀ ਅਗਲੇਰੀ ਸਾਲਾਨਾ ਤਰੱਕੀ ਉਦੋਂ ਤੱਕ ਨਹੀਂ ਮੰਨਜ਼ੂਰ ਕੀਤੀ ਜਾਵੇਗੀ ਜਦੋਂ ਤੱਕ ਕਿ ਉਹ ਪ੍ਰੀਖਿਆਵਾਂ ਪਾਸ ਨਹੀਂ ਕਰ ਲੈਂਦੇ।

(ii) 6 (ਛੇ) ਮਹੀਨਿਆਂ ਦੇ ਅੰਦਰ ਅੰਦਰ ਸੇਫਟੀ ਕੋਡ ਟੈਸਟ।

(iii) ਕੋਈ ਹੋਰ ਪ੍ਰੀਖਿਆ (ਪ੍ਰੀਖਿਆਵਾਂ) ਜਿਵੇਂ ਕਿ ਸਮੇਂ ਸਮੇਂ 'ਤੇ ਬੋਰਡ ਦੁਆਰਾ ਸ਼ੁਰੂ ਕੀਤੀ ਜਾ ਸਕਦੀ ਹੈ/ ਕੀਤੀਆਂ ਸਕਦੀਆਂ ਹਨ।

**7-ੳ.** 20 %/ 2 % ਆਸਾਮੀਆਂ ਕ੍ਰਮਵਾਰ ਅਨੁਸੂਚਿਤ ਜਾਤੀਆਂ/ ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਉਮੀਦਵਾਰਾਂ ਦੇ ਸਬੰਧ ਵਿੱਚ ਸ਼੍ਰੇਣੀ-I ਅਤੇ II ਲਈ ਰਾਖਵੀਂਆਂ ਹਨ। ਜੇਕਰ ਉਚਿਤ ਉਮੀਦਵਾਰ ਉਪਲੱਬਧ ਨਾ ਹੋਣ ਤਾਂ ਵਿਚਾਰ ਅਧੀਨ ਆਸਾਮੀਆਂ ਨੂੰ ਅੱਗੇ ਲਿਜਾਇਆ ਜਾਵੇਗਾ।

# ਉਮਰ ਦੀ ਹੱਦ/ ਸੀਮਾਂ

8. ਸਿੱਧੀ ਨਿਯੁਕਤੀ ਲਈ ਉਮੀਦਵਾਰ ਦੀ ਉਮਰ ਬਿਨੈ ਪੱਤਰ ਪੇਸ਼ ਕਰਨ ਦੀ ਆਖਰੀ ਤਾਰੀਖ ਜਾਂ ਜਿਵੇਂ ਕਿ ਵਿਗਿਆਪਨ ਦੇ ਸਮੇਂ 'ਤੇ ਸੁਨਿਸਚਿਤ ਕੀਤੀ ਗਈ ਹੋਵੇ, ਤੋਂ ਤੁਰੰਤ ਪਹਿਲਾਂ ਸਾਲ ਦੇ ਜਨਵਰੀ ਦੇ ਪਹਿਲੇ ਦਿਨ ਨੂੰ ਜਾਂ ਪਹਿਲਾਂ, 20 ਸਾਲਾਂ ਤੋਂ ਘੱਟ ਅਤੇ 30 ਸਾਲਾਂ ਤੋਂ ਵੱਧ ਨਹੀਂ ਹੋਵੇਗੀ, ਸਿਵਾਏ ਸਹਾਇਕ ਸਰਜਨ ਸ਼੍ਰੇਣੀ- II ਦੇ ਕੇਸ ਵਿੱਚ, ਜਿਨ੍ਹਾਂ ਦੇ ਕੇਸ ਵਿੱਚ ਵੱਧ ਤੋਂ ਵੱਧ ਉਮਰ ਸੀਮਾਂ 50 ਸਾਲ ਹੋਵੇਗੀ ਅਤੇ ਲੇਖਾ ਅਫਸਰਾਂ ਦੇ ਕੇਸ ਵਿੱਚ ਉਮੀਦਵਾਰ ਦੀ ਉਮਰ 25 ਸਾਲਾਂ ਤੋਂ ਘੱਟ ਅਤੇ 35 ਸਾਲਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ ;

ਪਰੰਤੂ ਸ਼ਰਤ ਇਹ ਹੈ ਕਿ : -

ੳ) ਉਨ੍ਹਾਂ ਉਮੀਦਵਾਰਾਂ ਦੇ ਕੇਸ ਵਿੱਚ ਜੋ ਕਿ ਸ਼ਰਨਾਰਥੀ ਹੋਣ ਅਤੇ ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲੇ ਅਤੇ ਹੋਰ ਦੂਜੀਆਂ ਪਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਉਮੀਦਵਾਰਾਂ ਦੇ ਕੇਸ ਵਿੱਚ, ਉਪਰਲੀ ਉਮਰ ਸੀਮਾਂ ਦੀ 5 ਸਾਲ ਤੱਕ ਦੀ ਛੋਟ ਦਿੱਤੀ ਜਾ ਸਕਦੀ ਹੈ।

ਅ) ਲੋੜੀਂਦੀਆਂ ਯੋਗਤਾਵਾਂ ਰੱਖਣ ਵਾਲੇ ਅਜਿਹੇ ਉਮੀਦਵਾਰਾਂ ਦੇ ਕੇਸ ਵਿੱਚ ਜੋ ਸਰਕਾਰ ਜਾਂ ਰਾਜ ਬਿਜਲੀ ਬੋਰਡਾਂ ਵਿਚੋਂ ਕਿਸੇ ਦੀ ਸੇਵਾ ਪਹਿਲਾਂ ਹੀ ਕਰਦੇ ਹੋਣ, ਉਪਰਲੀ ਉਮਰ ਸੀਮਾ ਦੀ ਰਿਆਇਤ ( ਛੋਟ ) ਸਬੰਧਤ ਸਰਕਾਰ / ਬੋਰਡ ਅਧੀਨ ਉਨ੍ਹਾਂ ਦੁਆਰਾ ਕੀਤੀ ਗਈ ਸੇਵਾ ਦੀ ਹੱਦ ਤੱਕ ਦਿੱਤੀ ਜਾਵੇਗੀ।

ੲ) ਭਾਰਤੀ ਹਥਿਆਰਬੰਦ ਫੌਜ ਦੇ ਸੇਵਾ ਮੁਕਤ ਹੋਏ ਕਰਮਚਾਰੀ ਦੇ ਕੇਸ ਵਿੱਚ, ਜਿਸ ਨੇ 1.11.62 ਨੂੰ ਜਾਂ ਉਸ ਮਗਰੋਂ ਨੈਸ਼ਨਲ ਐਮਰਜੈਂਸੀ ਦੌਰਾਨ ਸੇਵਾ ਜੁਆਇਨ ਕੀਤੀ ਸੀ ਅਤੇ ਉਸ ਮਗਰੋਂ ਸੇਵਾ ਮੁਕਤ ਹੋ ਗਿਆ ਸੀ ਅਤੇ ਸਾਬਕਾ ਫੌਜੀਆਂ ਦੇ ਕੇਸ ਵਿੱਚ, ਉਪਰਲੀ ਉਮਰ ਸੀਮਾ ਦੀ ਰਿਆਇਤ ਉਨ੍ਹਾਂ ਦੁਆਰਾ ਫੌਜ ਵਿੱਚ ਕੀਤੀ ਗਈ ਸੇਵਾ ਦੀ ਹੱਦ ਤੱਕ ਦਿੱਤੀ ਜਾ ਸਕਦੀ ਹੈ।

ਸ) ਨਿਮਨ ਦੇ ਕੇਸ ਵਿੱਚ :-

i) ਵਿਧਵਾਵਾਂ
ii) ਉਹ ਔਰਤਾਂ ਜੋ ਆਪਣੇ ਪਤੀਆਂ ਤੋਂ ਕਾਨੂੰਨੀ ਤੌਰ ਤੇ ਵੱਖ ਹੋ ਗਈਆਂ ਹੋਣ ਜਾਂ ਤਲਾਕ ਹੋ ਗਿਆ ਹੋਵੇ ;
iii) ਉਹ ਔਰਤਾਂ ਜਿਨ੍ਹਾਂ ਦੇ ਪਤੀਆਂ ਨੂੰ ਦੀਵਾਨੀ ਜਾਂ ਫੌਜਦਾਰੀ ਅਦਾਲਤਾਂ ਦੁਆਰਾ ਉਨਾਂ ਨੂੰ ਗੁਜਾਰਾ ਭੱਤਾ ਅਦਾ ਕਰਨ ਦੇ ਹੁਕਮ ਕੀਤੇ ਗਏ ਹੋਣ ;
iv) ਉਹ ਔਰਤਾਂ ਜੋ ਉਨ੍ਹਾਂ ਨੂੰ ਛੱਡ ਦਿੱਤੇ ਜਾਣ ਕਾਰਨ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਆਪਣੇ ਪਤੀਆਂ ਤੋਂ ਵੱਖ ਰਹਿ ਰਹੀਆਂ ਹੋਣ ;
v) ਉਹ ਔਰਤਾਂ ਜਿਨ੍ਹਾਂ ਦੇ ਪਤੀਆਂ ਨੇ ਦੁਬਾਰਾ ਵਿਆਹ ਕਰਵਾ ਲਿਆ ਹੋਵੇ ; ਅਤੇ
vi) ਮਿਲਟਰੀ ਵਿੱਚ ਸੇਵਾ ਕਰ ਰਹੇ ਵਿਅਕਤੀਆਂ ਦੀਆਂ ਪਤਨੀਆਂ ਅਤੇ ਉਨ੍ਹਾਂ ਵਿਅਕਤੀਆਂ ਦੀਆਂ ਪਤਨੀਆਂ ਜੋ ਮਿਲਟਰੀ ਦੀ ਸੇਵਾ ਦੌਰਾਨ ਨਾਕਾਰਾ ਹੋ ਗਏ ਹੋਣ ;

ਉਪਰਲੀ ਉਮਰ ਸੀਮਾ 40 ਸਾਲ ਹੋਵੇਗੀ ਪਰੰਤੂ ਸ਼ਰਤ ਇਹ ਹੈ ਕਿ ਉਹ ਸਬੰਧਤ ਆਸਾਮੀਆਂ ਲਈ ਹੋਰਵੇਂ ਯੋਗ ( eligible ) ਹੋਣ।

# ਸਿੱਧੀ ਨਿਯੁਕਤੀ ਲਈ ਯੋਗਤਾਵਾਂ

9. (1) ਕੋਈ ਵਿਅਕਤੀ ਸਿੱਧੀ ਨਿਯੁਕਤੀ ਦੁਆਰਾ ਉਦੋਂ ਤੱਕ ਸੇਵਾ ਵਿੱਚ ਨਿਯੁਕਤ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਿ ਉਹ ਨਿਮਨ ਆਸਾਮੀਆਂ ਦੇ ਕੇਸ ਵਿੱਚ ਨਿਮਨ ਦਰਜ ਯੋਗਤਾ ਨਾ ਰੱਖਦਾ ਹੋਵੇ : –

**(ੳ) ਲੇਖਾ ਅਫਸਰ : –**

(i) ਭਾਰਤ ਜਾਂ ਯੂ. ਕੇ. ਦੀ ਚਾਰਟਰਡ ਲੇਖਾ ਦੀ ਸੰਸਥਾ ਦੀ ਚਾਰਟਿਡ ਲੇਖਾ ਪ੍ਰੀਖਿਆ ਪਾਸ ਕੀਤੀ ਹੋਵੇ ਅਤੇ ਕਾਸਟ ਅਤੇ ਵਰਕਸ ਲੇਖਾਕਾਰ ਪ੍ਰੀਖਣ ਦਾ ਘੱਟ ਤੋਂ ਘੱਟ ਇੱਕ ਸਾਲ ਦਾ ਤਜਰਬਾ ਸਮੇਤ ਕ੍ਰਮਵਾਰ ਚਾਰਟਰਡ ਅਕਾਊਂਟਸ ਪ੍ਰੀਖਿਆ ਅਤੇ ਕਾਸਟ ਅਤੇ ਵਰਕਸ ਅਕਾਊਂਟਸ ਪ੍ਰੀਖਿਆ ਪਾਸ ਕਰਨ ਮਗਰੋਂ ਸਰਕਾਰੀ/ ਪਬਲਿਕ ਅਦਾਰੇ, ਪਬਲਿਕ ਨਾਮੀ (reputed) ਵਪਾਰਕ ਫਰਮਾਂ ਜਾਂ ਬੈਂਕਾਂ/ ਕੰਪਨੀ ਆਦਿ ਵਿੱਚ ਨਿਗਰਾਨ ਦੀ ਹੈਸੀਅਤ ((position) ਵਿੱਚ 3 ਸਾਲ ਦਾ ਤਜਰਬਾ ਰੱਖਦਾ ਹੋਵੇ। ਤਰਜੀਹ ਜੰਨ ਉਪਯੋਗੀ ਅਦਾਰੇ ਵਿੱਚ ਉਕਤ ਸਮਰੱਥਾ ਵਿੱਚ ਲਏ ਗਏ ਤਜਰਬੇ ਦੇ ਮੰਤਵ ਲਈ ਦਿੱਤੀ ਜਾਵੇਗੀ।

**(ii)** ਜੇਕਰ ਉਮੀਦਵਾਰ ਕੋਲ ਉਪਰੋਕਤ (1) ਵਿਰੁੱਧ ਨਿਰਧਾਰਿਤ ਕੀਤੇ ਅਨੁਸਾਰ ਕੋਈ ਤਜਰਬਾ ਨਹੀਂ ਹੈ ਜਾਂ ਉਸ ਦੁਆਰਾ ਹਾਸਲ ਕੀਤਾ ਤਜਰਬਾ ਘੱਟ ਤੋਂ ਘੱਟ ਇਕ ਸਾਲ ਦੇ ਸਮੇਂ ਤੋਂ ਘੱਟ ਹੈ ਤਾਂ ਉਹ ਲੇਖਾ ਅਫਸਰ ( ਸਿਖਿਆਰਥੀ ) ਦੇ ਤੌਰ ਤੇ ਇਸ ਤਰ੍ਹਾਂ ਨਿਯੁਕਤੀ ਦੀ ਤਾਰੀਖ ਤੋਂ ਇਕ ਸਾਲ ਦੇ ਸਮੇਂ ਲਈ 400/– ਰੁ. ਪ੍ਰਤਿ ਮਹੀਨਾ ਜਾਂ ਜਿਵੇਂ ਕਿ ਬੋਰਡ ਦੁਆਰਾ ਸਮੇਂ ਸਮੇਂ ’ਤੇ ਨਿਰਧਾਰਿਤ ਕੀਤੀਆਂ ਜਾਣ, ਦੀਆਂ ਕੁੱਲ ਉਪਲਭਤਾਂ ’ਤੇ ਭਰਤੀ ਲਈ ਯੋਗ ਹੋਵੇਗਾ। ਇੱਕ ਸਾਲ ਦੇ ਸਿਖਿਆਰਥੀਪ**ਣ** ਸਮੇਂ ਦੇ ਸਫਲਤਾਪੂਰਵਕ ਮੁਕੰਮਲ ਹੋਣ ਉਤੇ ਉਸ ਨੂੰ ਤਨਖਾਹ ਦਾ ਨਿਯਮਿਤ ਸਕੇਲ ਦਿੱਤਾ ਜਾਵੇਗਾ।

**(ਅ) ਲੋਕ ਸੰਪਰਕ ਅਫਸਰ : –**

ਮਾਨਤਾ ਪ੍ਰਾਪਤ ਯੂਨੀਵਰਸਿਟੀ ਦੀ ਮਾਸਟਰ ਦੀ ਡਿਗਰੀ ਤਰਜੀਹੀ ਤੌਰ ਤੇ ਅੰਗਰੇਜ਼ੀ ਵਿੱਚ ਕੀਤੀ ਹੋਵੇ ਅਤੇ ਸਰਕਾਰ ਦੇ ਲੋਕ ਸੰਪਰਕ ਵਿਭਾਗ ਵਿੱਚ ਜਾਂ ਉੱਘੇ (repute) ਅਤੇ/ ਜਾਂ ਪ੍ਰੈਕਟੀਕਲ ਜਨਰਲਿਜਮ ਦੇ ਵੱਡੇ ਅਦਾਰੇ ਵਿੱਚ ਘੱਟੋ ਘੱਟ 5 ਸਾਲਾਂ ਦਾ ਤਜਰਬਾ ਹੋਵੇ। ਉਮੀਦਵਾਰ ਦੁਆਰਾ ਹਾਸਲ ਕੀਤੇ ਜਨਰਲਿਜ਼ਮ ਵਿੱਚ ਡਿਪਲੋਮੇ ਨੂੰ ਅਤਿਰਿਕਤ ਯੋਗਤਾ ਦੇ ਤੌਰ ਤੇ ਵਿਚਾਰਿਆ ਜਾਵੇਗਾ।

**(ੲ) ਸਹਾਇਕ ਸਰਜਨ ( ਗਜ਼ਟੀ ) ਸ਼੍ਰੇਣੀ– II**

**ਜ਼ਰੂਰੀ : –** ਐਮ. ਬੀ. ਬੀ. ਐਸ. ( ਪੰਜਾਬ ) ਜਾਂ ਮੈਡੀਕਲ ਕੌਂਸਲ ਦੁਆਰਾ ਮਾਨਤਾ ਪ੍ਰਾਪਤ ਕਿਸੇ ਹੋਰ ਯੂਨੀਵਰਸਿਟੀ ਦੀ ਕੋਈ ਹੋਰ ਇਸ ਦੇ ਬਰਾਬਰ ਡਿਗਰੀ ਜਾਂ ਐਫ. ਐਸਸੀ ( ਮੈਡੀਕਲ ਗਰੁੱਪ ) ਜਾਂ ਇਸ ਦੇ ਬਰਾਬਰ ਦੀ ਯੋਗਤਾ ਸਹਿਤ ਪੰਜਾਬ ਰਾਜ ਮੈਡੀਕਲ ਫਕੈਲਟੀ ਦਾ ਐਲ. ਐਸ. ਐਮ. ਐਫ. ਡਿਪਲੋਮਾ ।

**ਤਰਜੀਹ :** ਪੋਸਟ ਗਰੈਜੁਏਟ ਯੋਗਤਾ ਅਤੇ ਪੇਸ਼ਾਵਾਰਾਨਾ ਕਾਰਜ ਵਿੱਚ ਤਜਰਬਾ।

**(ਸ) ਉਦਯੋਗਿਕ ਸੰਪਰਕ ਅਫਸਰ (ਪਹਿਲਾਂ ਕਿਰਤ ਅਤੇ ਭਲਾਈ ਅਫਸਰ ਦੇ ਤੌਰ ਤੇ ਜਾਣੇ ਜਾਂਦੇ ) : -**

ਮਾਨਤਾ ਪ੍ਰਾਪਤ ਯੂਨੀਵਰਸਿਟੀ ਦੀ ਡਿਗਰੀ ਅਤੇ ਮਾਨਤਾ ਪ੍ਰਾਪਤ ਸੰਸਥਾ/ ਯੂਨੀਵਰਸਿਟੀ ਦਾ ਸਮਾਜ ਵਿਗਿਆਨ ਵਿੱਚ ਡਿਪਲੋਮਾ ਜਾਂ ਡਿਗਰੀ ਹਾਸਲ ਕੀਤੀ ਹੋਵੇ ਅਤੇ ਸਰਕਾਰ ਜਾਂ ਵੱਡੀਆਂ ਪ੍ਰਾਈਵੇਟ ਸੰਸਥਾਵਾਂ ਜਾਂ ਸੰਗਠਨਾਂ ਵਿੱਚ ਕਿਰਤ ਸਬੰਧੀ ਕਾਨੂੰਨ ( Labour Laws ) ਦੇ ਪ੍ਰਸ਼ਾਸਨ ਜਾਂ ਪਾਲਣ ( administration or observance ) ਦਾ ਘੱਟੋ ਘੱਟ 3 ਸਾਲਾਂ ਦਾ ਤਜਰਬਾ ਹੋਵੇ।

**(ਹ) ਕਿਰਤ ਅਤੇ ਭਲਾਈ ਅਫਸਰ : -**

(i) ਮਾਨਤਾ ਪ੍ਰਾਪਤ ਯੂਨੀਵਰਸਿਟੀ ਦੀ ਡਿਗਰੀ ਤਰਜੀਹੀ ਤੌਰ ਤੇ ਸਮਾਜ ਵਿਗਿਆਨਾਂ ਜਿਵੇਂ ਕਿ ਅਰਥ-ਸ਼ਾਸਤਰ, ਕਾਮਰਸ, ਸਮਾਜਕ ਵਿਗਿਆਨ (Socialogy) ਜਾਂ ਕਾਨੂੰਨ (Law) ਵਿਚੋਂ ਇੱਕ ਵਿੱਚ ਡਿਗਰੀ ਰੱਖਦਾ ਹੋਵੇ।

(ii) ਹੋਰ ਯੋਗਤਾਵਾਂ : -

(ੳ) ਡਿਪਟੀ ਚੀਫ ਇੰਸਪੈਕਟਰ, ਜਾਂ ਸ਼ਾਪਸ ਜਾਂ ਵੇਜ਼ ਇੰਸਪੈਕਟਰ ਜਾਂ ਲੇਬਰ ਇੰਸਪੈਕਟਰ ਦੇ ਤੌਰ ਤੇ ਕਿਰਤ ਸਬੰਧੀ ਕਾਨੂੰਨ ( Labour laws ) ਦੇ ਕਾਰਜ ਦਾ 5 (ਪੰਜ) ਸਾਲ ਦਾ ਤਜਰਬਾ ਰੱਖਦਾ ਹੋਵੇ;

(ਅ) ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ/ ਸੰਸਥਾਵਾਂ, ਜਿਵੇਂ ਕਿ ਅੰਤਿਕਾ - 'ੲ' ਵਿੱਚ ਸੂਚੀਬੱਧ ਕੀਤੀਆਂ ਗਈਆਂ ਹਨ, ਤੋਂ ਕਿਰਤ ਸਬੰਧੀ ਕਾਨੂੰਨ, ਕਿਰਤ ਭਲਾਈ ਅਤੇ ਪ੍ਰਸੋਨਲ ਮੈਨੇਜਮੈਂਟ ਜਾਂ ਇਸ ਦੇ ਬਰਾਬਰ ਦੇ ਕੋਰਸ ਵਿੱਚ ਡਿਪਲੋਮਾ।

ਪਦ-ਉਨਤੀ ਦੁਆਰਾ ਭਰਤੀ ਦੇ ਕੇਸ ਵਿੱਚ ਉਮੀਦਵਾਰ, ਜਿਸ ਦੀ ਪਦ-ਉਨਤੀ ਕੀਤੀ ਜਾਣੀ ਹੈ, ਉਚੇਰੀ ਆਸਾਮੀ, ਜਿਸ ਉਤੇ ਪਦ-ਉਨਤੀ ਕੀਤੀ ਜਾਣੀ ਹੈ, ਲਈ ਨਿਰਧਾਰਿਤ ਕੀਤੀਆਂ ਗਈਆਂ ਘੱਟ ਤੋਂ ਘੱਟ ਯੋਗਤਾਵਾਂ ਜ਼ਰੂਰ ਰੱਖਦਾ ਹੋਵੇ।

ਪੰਰਤੂ ਸ਼ਰਤ ਇਹ ਹੈ ਕਿ ਉਸ ਕਰਮਚਾਰੀ ਦੇ ਕੇਸ ਵਿੱਚ, ਜਿਸ ਦੀ ਹੋਰਵੇਂ ਸਰਵ ਸ਼੍ਰੇਠ ( outstanding ) ਮੈਰਿਟ ਹੈ, ਬੋਰਡ ਕੋਲ ਕਿਸੇ ਵੀ ਆਸਾਮੀ ਉਤੇ ਨਿਯੁਕਤੀ ਕਰਨ ਲਈ ਅਵੱਸ਼ਕ ਕਿਸੇ ਵੀ ਯੋਗਤਾ ਦੀ ਛੋਟ ਦੇਣ ਵਾਸਤੇ ਅਧਿਕਾਰ ਹੋਣਗੇ।

**(ਕ) ਅੰਕੜਾ ਅਫਸਰ : -**

ਮਾਨਤਾ ਪ੍ਰਾਪਤ ਯੂਨੀਵਰਸਿਟੀ ਦੇ ਸਟੈਟਿਕਸ ਵਿੱਚ ਸੈਕਿੰਡ ਕਲਾਸ ਮਾਸਟਰ ਦੀ ਡਿਗਰੀ ਰੱਖਦਾ ਹੋਵੇ।

**(ਖ) ਸਹਾਇਕ ਆਰਕੀਟੈਕਟ : -**

**(i)** ਉੱਚ ਸੇਵਾਵਾਂ ਲਈ ਮੁਲਾਜ਼ਮਤ ਵਾਸਤੇ ਸਰਵ ਭਾਰਤੀ ਬੋਰਡ ਤਕਨੀਕੀ ਅਧਿਐਨ ਦੁਆਰਾ ਮਾਨਤਾ ਪ੍ਰਾਪਤ ਸੰਸਥਾ ਜਾਂ ਯੂਨੀਵਰਸਿਟੀ ਤੋਂ ਆਰਕੀਟੈਕਚਰ ਵਿੱਚ ਡਿਗਰੀ ਜਾਂ ਡਿਪਲੋਮਾ ਪਾਸ ਹੋਵੇ।

ਜਾਂ

**(ii)** ਮਹਾਰਾਸ਼ਟਰਾ ਸਰਕਾਰ (ਇਸ ਤੋਂ ਪਹਿਲਾਂ ਬੰਬਈ) ਦਾ ਪ੍ਰਾਈਵੇਟ ਵਿਦਿਆਰਥੀਆਂ ਨੂੰ ਦਿੱਤਾ ਆਰਕੀਟੈਕਚਰ (ਜੀ. ਡੀ. ਆਰਕੀਟੈਕਟ) ਵਿੱਚ ਸਰਕਾਰੀ ਡਿਪਲੋਮਾ ਰੱਖਦਾ ਹੋਵੇ ਅਤੇ ਸਰ ਜੇ. ਜੇ. ਕਾਲੇਜ ਆਫ ਆਰਕੀਟੈਕਚਰ, ਬੰਬਈ ਸਮੇਤ ਕੁਝ ਆਰਕੀਟੈਕਚਰਲ ਸੰਸਥਾਵਾਂ ਵਿਖੇ ਸਾਲ 1965 ਤੋਂ ਸ਼ੁਰੂ ਕੀਤੇ ਗਏ ਪੰਜ ਸਾਲਾ ਪਾਰਟ– ਟਾਈਮ ਕੋਰਸ ਰਾਹੀਂ ਸਿਖਿਅਤ (trained) ਕੀਤੇ ਗਏ ਵਿਦਿਆਰਥੀ।

**(iii)** **(ਗ)** **ਭਾਸ਼ਾ ਅਫਸਰ : –**

ਬੀ. ਏ. ( ਪੰਜਾਬੀ ਵਿੱਚ ਆਨਰਜ਼ ) ਅਤੇ ਐਮ. ਏ. ਘੱਟ ਤੋਂ ਘੱਟ ਸੈਕਿੰਡ ਕਲਾਸ ਵਿੱਚ ਜਾਂ ਐਮ. ਏ. ( ਪੰਜਾਬੀ ) ਫਸਟ ਕਲਾਸ ਵਿੱਚ ਪਾਸ ਹੋਵੇ।

ਤਰਜੀਹ : ਐਮ. ਏ. ( ਪੰਜਾਬੀ ) ਫਸਟ ਕਲਾਸ ਅਤੇ ਪੇਸ਼ਾਵਾਰਾਨਾ ਕਾਰਜ ਵਿੱਚ 5 ਸਾਲਾਂ ਦਾ ਤਜਰਬਾ।

(2) ਕੋਈ ਵੀ ਵਿਅਕਤੀ ਸਿੱਧੀ ਭਰਤੀ ਦੁਆਰਾ ਉਦੋਂ ਤੱਕ ਕਿਸੇ ਵੀ ਆਸਾਮੀ ਉਤੇ ਨਿਯੁਕਤ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਉਹ ਹੋਰ ਹੇਠਲੀਆਂ ਯੋਗਤਾਵਾਂ ਨਾ ਰੱਖਦਾ ਹੋਵੇ : –

(ੳ) ਉਸ ਨੂੰ ਮੈਟ੍ਰਿਕ ਪੱਧਰ ਜਾਂ ਇਸ ਦੇ ਬਰਾਬਰ ਦੇ ਪੱਧਰ ਦੀ ਪੰਜਾਬੀ ਦਾ ਗਿਆਨ ਹੋਵੇ। ਜਿਹੜੇ ਅਜਿਹਾ ਗਿਆਨ ਨਾ ਰੱਖਦੇ ਹੋਣ , ਉਹਨਾਂ ਨੂੰ ਸੇਵਾ ਜੁਆਇਨ ਕਰਨ ਮਗਰੋਂ 6 ਮਹੀਨਿਆਂ ਦੇ ਅੰਦਰ ਅੰਦਰ ਮੈਟ੍ਰਿਕ ਪੱਧਰ ਦੀ ਪੰਜਾਬੀ ਪ੍ਰੀਖਿਆ ਪਾਸ ਕਰਨ ਲਈ ਕਿਹਾ ਜਾ ਸਕਦਾ ਹੈ।

(ਅ) ਉਸ ਨੇ ਮੈਡੀਕਲ ਅਥਾਰਟੀ ਤੋਂ ਦਿਮਾਗੀ ਸ਼ਰੀਰਕ ਤੌਰ ਤੇ ਯੋਗ ਹੋਣ ਦਾ ਸਰਟੀਫਿਕੇਟ ਅਤੇ ਮੈਡੀਕਲ ਅਥਾਰਟੀ ਦੁਆਰਾ ਸਾਰੇ ਪੱਖਾਂ ਤੋਂ ਫਿਟ ਸਮਝੇ ਗਏ ਹੋਣ ਦਾ ਸਰਟੀਫਿਕੇਟ ਪ੍ਰਾਪਤ ਕੀਤਾ ਹੋਵੇ।

**ਨੋਟ : –** ਮੈਡੀਕਲ ਅਥਾਰਟੀ ਦੀ ਫੀਸ ਉਮੀਦਵਾਰ ਦੁਆਰਾ ਅਦਾਇਗੀ ਯੋਗ ਹੋਵੇਗੀ।

(ੲ) ਨਿਯੁਕਤੀ ਅਧਿਕਾਰੀ ਇਸ ਗਲ ਨਾਲ ਸੰਤੁਸ਼ਟ ਹੋਵੇ ਕਿ ਉਸ ਦਾ ਆਚਰਣ ਅਤੇ ਪੂਰਵ ਵਿਹਾਰ ਅਜਿਹੇ ਹਨ ਜੋ ਕਿ ਸੇਵਾ ਵਿੱਚ ਉਸ ਦੀ ਨਿਯੁਕਤੀ ਲਈ ਯੋਗ ਹਨ।

(ਸ) ਉਸ ਦੀ ਇਕ ਤੋਂ ਜ਼ਿਆਦਾ ਪਤਨੀਆਂ ਜਿਉਂਦੀਆਂ ਨਾ ਹੋਣ ਜਾਂ ਔਰਤ ਦੇ ਕੇਸ ਵਿੱਚ, ਉਹ ਅਜਿਹੇ ਵਿਅਕਤੀ ਨਾਲ ਨਾ ਵਿਆਹੀ ਹੋਵੇ ਜਿਸ ਦੀ ਪਹਿਲਾਂ ਹੀ ਇਕ ਜਿਉਂਦੀ ਪਤਨੀ ਹੋਵੇ।

ਪਰੰਤੂ ਸ਼ਰਤ ਇਹ ਹੈ ਕਿ ਨਿਯੁਕਤੀ ਅਧਿਕਾਰੀ, ਜੇਕਰ ਇਸ ਗਲ ਤੋਂ ਸੰਤੁਸ਼ਟ ਹੋਵੇ ਕਿ ਇਸ ਤਰ੍ਹਾਂ ਕਰਨ ਲਈ ਵਿਸ਼ੇਸ਼ ਆਧਾਰ ਹਨ ਤਾਂ ਕਿਸੇ ਵੀ ਵਿਅਕਤੀ ਨੂੰ ਇਸ ਸ਼ਰਤ ਦੇ ਲਾਗੂਕਰਣ ਤੋਂ ਛੋਟ ਦੇ ਸਕਦਾ ਹੈ।

(ਹ) ਉਹ ਸਰਕਾਰੀ / ਬੋਰਡ / ਸਰਕਾਰੀ ਅਦਾਰੇ ਦਾ ਕੋਈ ਬਰਖ਼ਾਸਤ ਕੀਤਾ ਗਿਆ ਕਰਮਚਾਰੀ ਜਾਂ ਅਜਿਹਾ ਵਿਅਕਤੀ ਨਾ ਹੋਵੇ, ਜਿਸ ਨੂੰ ਇਖ਼ਲਾਕੀ ਗਿਰਾਵਟ ਦੇ ਜ਼ੁਰਮ ਕਾਰਨ ਸਜ਼ਾ ਹੋ ਚੁੱਕੀ ਹੋਵੇ।

## ਤਰੱਕੀ ਰਾਹੀਂ ਨਿਯੁਕਤੀ ਲਈ ਯੋਗਤਾਵਾਂ

10. (1) ਹੈੱਡ ਆਫਿਸ ਸੁਪਰਡੈਂਟਾਂ ਦੁਆਰਾ ਮੱਲੀਆਂ ਗਈਆਂ (occupied) ਲੇਖਾ ਅਫਸਰਾਂ ਦੀਆਂ ਚਾਰ ਆਸਾਮੀਆਂ ਉਹਨਾਂ ਲਈ ਰਾਖਵੀਂਆਂ ਰੱਖੀਆਂ ਜਾਣੀਆਂ ਜਾਰੀ ਰੱਖੀਆਂ ਜਾਣਗੀਆਂ ਅਤੇ 24.9.71 ਤੋਂ 23.9.74 ਤੱਕ 3 (ਤਿੰਨ) ਸਾਲਾਂ ਦੇ ਸਮੇਂ ਵਾਸਤੇ ਹੈੱਡ ਆਫਿਸ ਸੁਪਰਡੈਂਟਾਂ ਵਿਚੋਂ ਭਰੀਆਂ ਜਾਣਗੀਆਂ।ਲੇਖਾ ਅਫਸਰਾਂ ਦੀਆਂ ਬਾਕੀ ਆਸਾਮੀਆਂ ਨੂੰ ਉਪਰੋਕਤ ਵਿਨਿਯਮ 7 (ਸ) ਦੇ ਖੰਡ (i) ਅਤੇ (ii) ਅਨੁਸਾਰ ਭਰਿਆ ਜਾਵੇਗਾ।

(2) ਲੋਕ ਸੰਪਰਕ ਅਫਸਰ ਦੀ ਆਸਾਮੀ ਨੂੰ ਪ੍ਰਚਾਰ ਸੁਪਰਵਾਈਜ਼ਰ ( ਸੁਪਰਵਾਈਜ਼ਰਾਂ ) ਵਿਚੋਂ ਪਦ-ਉਨਤੀ ਦੁਆਰਾ ਭਰਿਆ ਜਾਵੇਗਾ, ਜਿਹੜੇ ਗਰੈਜੂਏਟ ਹੋਣ ਅਤੇ ਲਾਈਨ ਵਿੱਚ ਘੱਟੋ ਘੱਟ 5 (ਪੰਜ) ਸਾਲਾਂ ਦਾ ਤਜਰਬਾ ਰੱਖਦੇ ਹੋਣ।

(3) ਕਿਰਤ ਅਤੇ ਭਲਾਈ ਅਫਸਰ ਦੀ ਆਸਾਮੀ ਨੂੰ ਸੀਨੀਅਰਤਾ- ਕਮ- ਮੈਰਿਟ ਦੇ ਆਧਾਰ ਉਤੇ ਕਿਰਤ ਅਤੇ ਭਲਾਈ ਇੰਸਪੈਕਟਰਾਂ/ ਉਦਯੋਗਿਕ ਸੰਪਰਕ ਇੰਸਪੈਕਟਰਾਂ ਵਿਚੋਂ ਪਦ-ਉਨਤੀ ਦੁਆਰਾ ਭਰਿਆ ਜਾਵੇਗਾ, ਜਿਹੜੇ ਵਿਨਿਯਮ 9 (1) (ਹ) ਵਿੱਚ ਨਿਰਧਾਰਿਤ ਕੀਤੀਆਂ ਗਈਆਂ ਯੋਗਤਾਵਾਂ ਪੂਰੀਆਂ ਕਰਦੇ ਹੋਣ।

## ਸਿੱਧੀ ਨਿਯੁਕਤੀ ਦੁਆਰਾ ਭਰਤੀ ਲਈ ਕਾਰਜਵਿਧੀ

11. (1) ਸਿੱਧੀ ਭਰਤੀ ਦੁਆਰਾ ਆਸਾਮੀਆਂ ਭਰਨ ਲਈ ਬਿਨੈ ਪੱਤਰਾਂ ਨੂੰ ਵਿਗਿਆਪਨ ਰਾਹੀਂ ਮੰਗਿਆ ਜਾਵੇਗਾ।

(2) ਸੇਵਾ ਉਤੇ ਸਾਰੀਆਂ ਸਿੱਧੀਆਂ ਨਿਯੁਕਤੀਆਂ ਇਸ ਮੰਤਵ ਲਈ ਸਥਾਪਿਤ ਕੀਤੀ ਗਈ ਚੋਣ ਕਮੇਟੀ ਦੁਆਰਾ ਉਮੀਦਵਾਰਾਂ ਦੀ ਇੰਟਰਵਿਊ ਲੈਣ ਉਪਰੰਤ ਨਿਯੁਕਤੀ ਅਧਿਕਾਰੀ ਦੁਆਰਾ ਕੀਤੀਆਂ ਜਾਣਗੀਆਂ।

(3) 25 % / 5% ਆਸਾਮੀਆਂ ਕ੍ਰਮਵਾਰ ਅਨੁਸੂਚਿਤ ਜਾਤੀਆਂ/ ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਉਮੀਦਵਾਰਾਂ ਲਈ ਰਾਖਵੀਆਂ ਹਨ। ਜੇਕਰ ਉਚਿਤ ਉਮੀਦਵਾਰ ਉਪਲੱਬਧ ਨਾ ਹੋਣ ਤਾਂ ਵਿਚਾਰ ਅਧੀਨ ਆਸਾਮੀਆਂ ਨੂੰ ਅੱਗੇ ਲਿਜਾਇਆ ਜਾਵੇਗਾ।

ਆਸਾਮੀਆਂ ਅੱਗੇ ਲਿਜਾਣ ਵਾਲਾ ਨਿਯਮ ਪੂਰੀ ਤਰ੍ਹਾਂ ਵਰਤੇ ਜਾ ਚੁੱਕਣ ਅਤੇ ਢੁਕਵੇਂ ਅਨੁਸੂਚਿਤ ਜਾਤੀ ਉਮੀਦਵਾਰ ਦੇ ਅੱਜੇ ਵੀ ਉਪਲੱਬਧ ਨਾ ਹੋਏ ਹੋਣ ਮਗਰੋਂ ਇਸ ਕੈਟਾਗਰੀ ਲਈ ਰਾਖਵੀਂ ਰੱਖੀ ਖਾਲੀ ਆਸਾਮੀ ਜਨਰਲ ਭਰਤੀ ਲਈ ਖੋਲਣ ਤੋਂ ਪਹਿਲਾਂ, ਸਭ ਤੋਂ ਪਹਿਲਾਂ ਪਛੜੀ ਸ਼੍ਰੇਣੀਆਂ ਨਾਲ

ਸਬੰਧਤ ਉਮੀਦਵਾਰ ਨੂੰ ਪੇਸ਼ ਕੀਤੀ ਜਾਣੀ ਚਾਹੀਦੀ ਹੈ। ਜੇਕਰ ਪਛੜੀ ਸ਼੍ਰੇਣੀ ਨਾਲ ਸਬੰਧਤ ਉਮੀਦਵਾਰ ਅਜਿਹੀ ਖਾਲੀ ਆਸਾਮੀ ਦਾ ਲਾਭ ਲੈਂਦਾ ਹੈ ਤਾਂ ਪਛੜੀ ਸ਼੍ਰੇਣੀ ਉਮੀਦਵਾਰ ਲਈ ਉਚਿਤ ਰੂਪ ਵਿੱਚ ਰਾਖਵੀਂ ਰੱਖੀ ਖਾਲੀ ਆਸਾਮੀ ਬਾਦ ਵਿੱਚ ਰੋਸਟਰ ਵਿੱਚ ਵੱਟੇ ਵਿੱਚ ਅਨੁਸੂਚਿਤ ਜਾਤੀ ਉਮੀਦਵਾਰ ਨੂੰ ਚਲੀ ਜਾਵੇਗੀ।

ਇਸ ਤੋਂ ਇਲਾਵਾ ਸੇਵਾਵਾਂ ਵਿੱਚ ਰਾਖਵਾਂਕਰਣ ਇਸ ਸ਼ਰਤ ਅਧੀਨ ਨਿਰੰਤਰ ਜਾਰੀ ਰੱਖਿਆ ਜਾਵੇਗਾ ਕਿ ਆਸਾਮੀ ਲਈ ਨਿਰਧਾਰਿਤ ਕੀਤੀ ਗਈ ਘੱਟ ਤੋਂ ਘੱਟ ਯੋਗਤਾ ਕਿਸੇ ਉਮੀਦਵਾਰ ਦੀ ਸਮਾਈ ਕਰਨ ( accommodating ) ਦੇ ਨਜ਼ਰੀਏ ਨਾਲ ਘਟਾਈ ਨਹੀਂ ਜਾਵੇਗੀ। 100 ਖਾਲੀ ਆਸਾਮੀਆਂ ਦੇ ਲਾਟ ਵਿੱਚ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵੀਂਆਂ ਰੱਖੀਆਂ ਖਾਲੀ ਆਸਾਮੀਆਂ ਨਿਮਨ ਨਿਸ਼ਚਿਤ ਕੀਤੇ ਪੁਆਇੰਟਾਂ ਤੇ ਹੋਣਗੀਆਂ :-

1, 5, 9, 13, 17, 21, 25, 29, 33, 37, 41, 45, 49, 53, 57, 61, 65, 69, 73, 77, ,81, 89, 93, 97 ਅਤੇ ਇਸੇ ਤਰ੍ਹਾਂ ਅੱਗੇ ਹੋਰ। ਕ੍ਰਮ ਨੰ: 15, 35, 55, 75 ਅਤੇ 95 ਤੇ ਖਾਲੀ ਆਸਾਮੀਆਂ ਪਛੜੀਆਂ ਸ਼੍ਰੇਣੀਆਂ ਦੇ ਮੈਂਬਰਾਂ ਲਈ ਰਾਖਵੀਂਆਂ ਸਮਝੀਆਂ ਜਾਣਗੀਆਂ।

ਪਹਿਲਾਂ ਹੀ ਮੌਜੂਦ ਰੋਸਟਰ ਨੂੰ ਛੱਡਿਆ ਨਹੀਂ ਜਾਵੇਗਾ ਪਰੰਤੂ ਮੌਜੂਦਾ ਰੋਸਟਰ ਵਿੱਚਲੀ ਆਖਰੀ ਭਰੀ ਖਾਲੀ ਆਸਾਮੀ ਦੀ ਲਗਾਤਾਰਤਾ ਵਿੱਚ ਇਸ ਨੂੰ ਰਾਖਵੇਂਕਰਣ ਦੇ ਨਵੇਂ ਪੈਟਰਨ ਅਨੁਸਾਰ ਕਾਇਮ ਰੱਖਿਆ ਜਾਵੇਗਾ ਜੋ ਕਿ ਉਪਰ ਵਰਣਨ ਕੀਤਾ ਗਿਆ ਹੈ ।

( ਇਹ ਆਦੇਸ਼ 6 ਮਾਰਚ 1974 ਤੋਂ ਲਾਗੂ ਹੁੰਦਾ ਹੈ )

## ਪਦ-ਉਨਤੀ ( promotion ) ਦੁਆਰਾ ਨਿਯੁਕਤੀ

12. ਪਦ-ਉਨਤੀ ਦੁਆਰਾ ਨਿਯੁਕਤੀ ਸੀਨੀਅਰਤਾ ਦੇ ਸਾਰੇ ਪੱਖਾਂ ਨੂੰ ਧਿਆਨ ਵਿੱਚ ਰੱਖਦਿਆਂ ਮੈਰਿਟ ਅਤੇ ਉਚਿਤਤਾ ( suitability ) ਦੇ ਆਧਾਰ ਉਤੇ ਕੀਤੀ ਜਾਵੇਗੀ ਅਤੇ ਉਸ ਨੇ ਉਸ ਰੈਂਕ ਵਿੱਚ, ਜਿਸ ਵਿੱਚ ਉਹ ਅਗਲੀ ਉਚੇਰੀ ਆਸਾਮੀ ਉਤੇ ਅਗਲੀ ਪਦ-ਉਨਤੀ ਲਈ ਵਿਚਾਰੇ ਜਾਣ ਤੋਂ ਪਹਿਲਾਂ ਕੰਮ ਕਰ ਰਿਹਾ ਹੈ, ਵਿੱਚ ਸੇਵਾ ਦਾ ਘੱਟ ਤੋਂ ਘੱਟ ਇਕ ਸਾਲ ਪੂਰਾ ਕਰ ਲਿਆ ਹੋਵੇ। ਕੋਈ ਵੀ ਅਧਿਕਾਰੀ ਕੇਵਲ ਸੀਨੀਅਰਤਾ ਦੇ ਆਧਾਰ ਉਤੇ ਹੱਕ ਦੇ ਤੌਰ ਤੇ ਪਦ-ਉਨਤੀ ਦਾ ਕੋਈ ਵੀ ਦਾਅਵਾ (ਕਲੇਮ) ਨਹੀਂ ਕਰ ਸਕੇਗਾ।

12- (ੳ) ਪੰ. ਰਾ. ਬਿ. ਬੋ. ਵਿੱਚ ਸ਼੍ਰੇਣੀ ( ਕਲਾਸ ) I ਅਤੇ II ਸੇਵਾਂਵਾਂ ਤੇ ਅਤੇ ਦੇ ਅੰਦਰ ਅੰਦਰ ਤਰੱਕੀ ਦੁਆਰਾ ਭਰੀਆਂ ਜਾਣ ਵਾਲੀਆਂ 14 % ਆਸਾਮੀਆਂ ਨਿਮਨ ਦਰਜ ਸ਼ਰਤਾਂ ਅਧੀਨ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵੀਂਆਂ ਹੋਣਗੀਆਂ : -

i) ਵਿਚਾਰੇ ਜਾਣ ਵਾਲੇ ਵਿਅਕਤੀ ਘੱਟ ਤੋਂ ਘੱਟ ਅਵੱਸ਼ਕ ਯੋਗਤਾ ਜ਼ਰੂਰ ਰੱਖਦੇ ਹੋਣ, ਅਤੇ

ii) ਉਨ੍ਹਾਂ ਦਾ ਸੇਵਾ ਦਾ ਸੰਤੋਸ਼ਜਨਕ ਰਿਕਾਰਡ ਹੋਣਾ ਚਾਹੀਦਾ ਹੈ।

(2) ਸਮੇਂ ਸਮੇਂ ਤੇ ਹੋਣ ਵਾਲੀਆਂ 100 ਖਾਲੀ ਆਸਾਮੀਆਂ ਦੇ ਲਾਟ ਵਿੱਚ ਜੋ ਨਿਮਨ ਦੱਸੇ ਗਏ ਕ੍ਰਮ ਨੰ: ਤੇ ਪੈਂਦੀਆਂ ਹਨ ਉਨ੍ਹਾਂ ਨੂੰ ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵੀਂਆਂ ਦੇ ਤੌਰ ਤੇ ਸਮਝਿਆ ਜਾਵੇਗਾ : -

1, 7, 15, 22, 30, 37, 44, 51, 58, 65, 72, 80, 87, 94 ਅਤੇ ਇਸੇ ਤਰ੍ਹਾਂ ਅਗੇ ਹੋਰ।

(3) ਨਿਰਧਾਰਿਤ ਕੀਤਾ ਗਿਆ ਰਾਖਵਾਂਕਰਣ ਦਸੇ ਜਾਣ ਵਾਲੇ ਰੋਸਟਰ ਅਨੁਸਾਰ ਲਾਗੂ ਕੀਤਾ ਜਾਵੇਗਾ। ਰੋਸਟਰ ਸਾਲ ਦਰ ਸਾਲ ਚਲੰਤ ਲੇਖੇ ਦੇ ਰੂਪ ਵਿੱਚ ਲਾਗੂ ਕੀਤਾ ਜਾਵੇਗਾ।

ਉਪਰੋਕਤ ਸੋਧ 15.11.97 ਤੋਂ ਲਾਗੂ ਹੋਣ ਯੋਗ ਹੈ।

## ਅਜ਼ਮਾਇਸ਼

13. (1) ੳ) ਸੇਵਾ ਵਿੱਚ ਨਿਯੁਕਤ ਕੀਤੇ ਗਏ ਅਫਸਰ, ਜੇਕਰ ਉਹ ਸਿੱਧੀ ਨਿਯੁਕਤੀ ਦੁਆਰਾ ਭਰਤੀ ਕੀਤੇ ਗਏ ਹਨ ਤਾਂ 2 ਸਾਲ ਦੇ ਸਮੇਂ ਲਈ ਅਤੇ ਜੇਕਰ ਹੋਰਵੇਂ ਭਰਤੀ ਕੀਤੇ ਗਏ ਹੋਣ ਤਾਂ 1 ਸਾਲ ਦੇ ਸਮੇਂ ਲਈ ਅਜ਼ਮਾਇਸ਼ ( probation ) ਉਤੇ ਰਹਿਣਗੇ।

(ਅ) ਕਾਇਮ- ਮੁਕਾਮੀ ਸੇਵਾ ਨੂੰ ਅਜ਼ਮਾਇਸ਼ ਉਤੇ ਬਿਤਾਏ ਸਮੇਂ ਦੇ ਤੌਰ ਤੇ ਗਿਣਿਆ ਜਾਵੇਗਾ, ਪਰ ਕੋਈ ਵੀ ਮੈਂਬਰ ਜੋ ਕਿਸੇ ਨਿਯੁਕਤੀ ’ਤੇ ਕਾਇਮ- ਮੁਕਾਮ ਹੈਸੀਅਤ ਵਿੱਚ ਹੋਵੇ, ਨੂੰ ਸੇਵਾ ਵਿੱਚ ਇਕ ਜਾਂ ਦੋ ਸਾਲ, ਜਿਵੇਂ ਵੀ ਕੇਸ ਹੋਵੇ, ਪੂਰੇ ਹੋਣ ’ਤੇ, ਉਦੋਂ ਤੱਕ ਪੱਕਾ ( confirmed ) ਹੋਣ ਦਾ ਹੱਕ ਨਹੀਂ ਹੋਵੇਗਾ ਜਦੋਂ ਤੱਕ ਕਿ ਉਹ ਕਿਸੇ ਪੱਕੀ ( permanent ) ਖਾਲੀ ਆਸਾਮੀ ਵਿਰੁੱਧ ਨਿਯੁਕਤ ਨਾ ਕੀਤਾ ਜਾਵੇ।

(ਸ) ਕਿਸੇ ਅਨੁਰੂਪ ਜਾਂ ਉਚੇਰੀ ਆਸਾਮੀ ਉਤੇ ਪ੍ਰਤਿਨਿਯੁਕਤੀ ’ਤੇ ( on deputation ) ਬਿਤਾਏ ਸਮੇਂ ਨੂੰ ਨਿਯੁਕਤੀ ਅਧਿਕਾਰੀ ਦੁਆਰਾ ਇਸ ਵਿਨਿਯਮ ਅਧੀਨ ਨਿਸ਼ਚਿਤ ਕੀਤੇ ਅਜ਼ਮਾਇਸ਼ ਦੇ ਸਮੇਂ ਵੱਲ ਗਿਣਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ।

(ਹ) ਅਜ਼ਮਾਇਸ਼ ਦੇ ਸਮੇਂ ਨੂੰ ਨਿਯੁਕਤੀ ਅਧਿਕਾਰੀ ਦੁਆਰਾ ਅਜਿਹੇ ਸਮੇਂ ਲਈ ਵਧਾਇਆ ਜਾ ਸਕਦਾ ਹੈ ਜਿਵੇਂ ਕਿ ਉਸ ਮੈਂਬਰ ਦੇ ਕੇਸ ਵਿੱਚ ਉਹ ਉਚਿਤ ਸਮਝੇ ਜਿਸ ਦਾ ਕੰਮ ਅਤੇ / ਜਾਂ ਆਚਰਣ ਨਿਯੁਕਤੀ ਅਧਿਕਾਰੀ ਦੀ ਰਾਇ ਵਿੱਚ ਸੰਤੋਸ਼ਜਨਕ ਨਾ ਹੋਵੇ ।

ਪਰੰਤੂ ਸ਼ਰਤ ਇਹ ਹੈ ਕਿ ਵਧਾਇਆ ਗਿਆ ਸਮਾਂ, ਜੇਕਰ ਕੋਈ ਹੋਵੇ, ਸਮੇਤ ਅਜ਼ਮਾਇਸ਼ ਦਾ ਕੁਲ ਸਮਾਂ ਕਿਸੇ ਵੀ ਕੇਸ ਵਿੱਚ 4 ਸਾਲਾਂ ਤੋਂ ਵੱਧ ਨਹੀਂ ਹੋਵੇਗਾ।

(2) ਅਜ਼ਮਾਇਸ਼ ਦਾ ਸਮਾਂ ( ਅਸਲ ਜਾਂ ਵਧਾਇਆ ਹੋਇਆ, ਜਿਵੇਂ ਵੀ ਕੇਸ ਹੋਵੇ ) ਮੁਕੰਮਲ ਹੋ ਜਾਣ ਉਤੇ, ਨਿਯੁਕਤੀ ਅਧਿਕਾਰੀ ਅਜਿਹੇ ਮੈਂਬਰ ਨੂੰ ਉਸਦੀ ਨਿਯੁਕਤੀ ’ਤੇ ਪੱਕਾ ( confirm ) ਕਰ ਸਕਦਾ ਹੈ ਜਾਂ ਜੇਕਰ ਨਿਯੁਕਤੀ ਅਧਿਕਾਰੀ ਦੀ ਰਾਇ ਵਿੱਚ ਉਸ ਦਾ ਕੰਮ ਅਤੇ / ਜਾਂ ਆਚਰਣ ਤਸੱਲੀਬਖਸ਼ ਨਾ ਹੋਵੇ ਤਾਂ ਨਿਯੁਕਤੀ ਅਧਿਕਾਰੀ ਜੇਕਰ ਉਹ ਸਿੱਧਾ ਭਰਤੀ ਹੋਇਆ ਹੋਵੇ ਤਾਂ ਉਸ ਨੂੰ ਸੇਵਾ ਤੋਂ ਮੁਕਤ ਕਰ ਸਕਦਾ ਹੈ ਅਤੇ ਜੇਕਰ ਉਹ ਹੋਰਵੇਂ ਭਰਤੀ ਹੋਇਆ ਹੋਵੇ ਤਾਂ ਉਸ ਨੂੰ ਆਪਣੀ ਪੂਰਵ ਪਦਵੀ ਜਾਂ ਵਿਭਾਗ, ਜਿਵੇਂ ਵੀ ਕੇਸ ਹੋਵੇ, ਤੇ ਪਰਤਾ ਸਕਦਾ ਹੈ ।

## ਅਸਤੀਫਾ

14. ਸੇਵਾ ਦਾ ਕੋਈ ਮੈਂਬਰ, ਕਿਸੇ ਵੀ ਸਮੇਂ, ਅਸਤੀਫਾ ਦੇਣ ਦੀ ਆਪਣੀ ਨੀਅਤ ਬਾਰੇ ਨੋਟਿਸ ਦੇ ਕੇ ਆਪਣੀ ਨਿਯੁਕਤੀ ਤੋਂ ਅਸਤੀਫਾ ਦੇ ਸਕਦਾ ਹੈ। ਅਜਿਹੇ ਨੋਟਿਸ ਦਾ ਸਮਾਂ ਕਲਾਸ- II

ਅਧਿਕਾਰੀਆਂ ਦੇ ਕੇਸ ਵਿੱਚ ਤਿੰਨ ਮਹੀਨੇ ਅਤੇ ਕਲਾਸ- I ਅਧਿਕਾਰੀਆਂ ਦੇ ਕੇਸ ਵਿੱਚ 6 ( ਛੇ ) ਮਹੀਨੇ ਹੋਵੇਗਾ। ਅਜਿਹਾ ਨੋਟਿਸ ਨਾ ਦੇ ਸਕਣ ਦੀ ਸੂਰਤ ਵਿੱਚ, ਲੋੜੀਂਦੇ ਨੋਟਿਸ ਦੀ ਮਿਆਦ ਲਈ ਤਨਖਾਹ ਤੇ ਭੱਤੇ ਜ਼ਬਤ ਕਰ ਲਏ ਜਾਣਗੇ।

## ਸੇਵਾ ਦੀ ਸਮਾਪਤੀ

15. ਨਿਯੁਕਤੀ ਅਧਿਕਾਰੀ ਕਿਸੇ ਵੀ ਅਧਿਕਾਰੀ ਨੂੰ ਜੇਕਰ ਉਹ ਸਿੱਧੀ ਨਿਯੁਕਤੀ ਦੁਆਰਾ ਸੇਵਾ ਵਿੱਚ ਨਿਯੁਕਤ ਕੀਤਾ ਗਿਆ ਹੈ ਤਾਂ ਕਲਾਸ- I ਅਧਿਕਾਰੀਆਂ ਦੇ ਕੇਸ ਵਿੱਚ ਤਿੰਨ ਮਹੀਨਿਆਂ ਦਾ ਨੋਟਿਸ ਦੇਣ ਮਗਰੋਂ ਸੇਵਾ ਤੋਂ ਫਾਰਗ ਕਰ ਸਕਦਾ ਹੈ ਜਾਂ ਜੇਕਰ ਹੋਰਵੇਂ ਨਿਯੁਕਤ ਕੀਤਾ ਗਿਆ ਹੈ ਤਾਂ ਉਸ ਨੂੰ ਪਹਿਲੀ ਆਸਾਮੀ ਜਾਂ ਵਿਭਾਗ ਵਿੱਚ ਪਰਤਾ ਸਕਦਾ ਹੈ।

## ਸੀਨੀਅਰਤਾ

16. ਆਸਾਮੀ ਦੀ ਕਿਸੇ ਖਾਸ ਸ਼੍ਰੇਣੀ ( ਕਲਾਸ ) ਵਿੱਚ ਸੇਵਾ ਦੇ ਮੈਂਬਰਾਂ ਦੀ ਪਰਸਪਰ ਸੀਨੀਅਰਤਾ ਉਸ ਸ਼੍ਰੇਣੀ ਵਿੱਚ ਉਨ੍ਹਾਂ ਦੀ ਨਿਰੰਤਰ ਨਿਯੁਕਤੀ ਦੀਆਂ ਮਿਤੀਆਂ ਦੁਆਰਾ ਨਿਰਧਾਰਿਤ ਕੀਤੀ ਜਾਵੇਗੀ।

ਪਰੰਤੂ ਪਹਿਲੀ ਸ਼ਰਤ ਇਹ ਹੈ ਕਿ ਸਿੱਧੀ ਨਿਯੁਕਤੀ ਦੁਆਰਾ ਨਿਯੁਕਤ ਕੀਤੇ ਗਏ ਮੈਂਬਰਾਂ ਦੇ ਕੇਸ ਵਿੱਚ, ਜਿਥੋਂ ਤੱਕ ਕੇ ਆਸਾਮੀ ਦੀ ਉਸ ਸ਼੍ਰੇਣੀ ਜਿਸ ਵਿੱਚ ਸਿੱਧੀ ਨਿਯੁਕਤੀ ਕੀਤੀ ਗਈ ਸੀ, ਵਿੱਚਲੀ ਸੀਨੀਅਰਤਾ ਦਾ ਸਬੰਧ ਹੈ, ਚੋਣ ਦੇ ਸਮੇਂ ’ਤੇ ਨਿਰਧਾਰਿਤ ਕੀਤੀ ਗਈ ਸੀਨੀਅਰਤਾ ਦੇ ਕ੍ਰਮ ਨੂੰ ਨਹੀਂ ਛੇੜਿਆ ਜਾਵੇਗਾ ਅਤੇ ਪਹਿਲਾਂ ਹੋਈ ਚੋਣ ਦੇ ਨਤੀਜੇ ਵਜੋਂ ਨਿਯੁਕਤ ਕੀਤੇ ਗਏ ਵਿਅਕਤੀ ਉਨ੍ਹਾਂ ਤੋਂ ਸੀਨੀਅਰ ਹੋਣਗੇ ਜਿਹੜੇ ਬਾਦ ਵਿੱਚ ਕੀਤੀ ਗਈ ਚੋਣ ਦੇ ਨਤੀਜੇ ਵਜੋਂ ਨਿਯੁਕਤ ਕੀਤੇ ਗਏ ਹੋਣ।

ਪਰੰਤੂ , ਸਿੱਧੀ ਨਿਯੁਕਤੀ ਦੁਆਰਾ ਨਿਯੁਕਤ ਕੀਤਾ ਗਿਆ ਸੇਵਾ ਦਾ ਮੈਂਬਰ, ਜਿਸ ਦਾ ਅਜ਼ਮਾਇਸ਼ੀ ਸਮਾਂ ਵਧਾ ਦਿੱਤਾ ਗਿਆ ਹੋਵੇ, ਉਹ ਚੋਣ ਦੇ ਸਮੇਂ ’ਤੇ ਮੈਰਿਟ ਸਥਿਤੀ ਦੇ ਆਧਾਰ ਉਤੇ ਸੀਨੀਅਰਤਾ ਦਾ ਹੱਕਦਾਰ ਨਹੀਂ ਹੋਵੇਗਾ ਅਤੇ ਉਸ ਦੀ ਸੀਨੀਅਰਤਾ ਇਸ ਤੋਂ ਮਗਰੋਂ ਨੋਟ- 2 ਅਨੁਸਾਰ ਨਿਯੁਕਤੀ ਦੀ ਉਸ ਦੀ ਮੰਨੀ ਗਈ ਮਿਤੀ ( deemed date ) ਦੇ ਆਧਾਰ ਉਤੇ ਨਿਸ਼ਚਿਤ ਕੀਤੀ ਜਾਵੇਗੀ।

ਪਰ ਦੂਜੀ ਸ਼ਰਤ ਇਹ ਹੈ ਕਿ ਦੋ ਜਾਂ ਇਸ ਤੋਂ ਵੱਧ ਮੈਂਬਰਾਂ ਦੇ ਇਕੋ ਤਾਰੀਖ ਨੂੰ ਨਿਯੁਕਤ ਕੀਤੇ ਜਾਣ ਦੇ ਕੇਸ ਵਿੱਚ, ਸੀਨੀਅਰਤਾ ਨਿਮਨ ਅਨੁਸਾਰ ਨਿਰਧਾਰਿਤ ਕੀਤੀ ਜਾਵੇਗੀ : -

(ੳ) ਅਜਿਹੀ ਤਾਰੀਖ ਨੂੰ ਜਿਸ ਤੋਂ ਉਨ੍ਹਾਂ ਨੂੰ ਤਨਖਾਹ ਦੀ ਇਜਾਜ਼ਤ ਦਿੱਤੀ ਗਈ ਹੋਵੇ ਦੀ ਤਰਤੀਬ ਅਨੁਸਾਰ ; ਜਿਸ ਨੂੰ ਤਨਖਾਹ ਜ਼ਿਆਦਾ ਅਦਾ ਕੀਤੀ ਗਈ ਹੋਵੇ ਉਹ ਉਸ ਤੋਂ ਉਪਰ ਰੱਖਿਆ ਜਾਵੇਗਾ ਜਿਸ ਨੂੰ ਤਨਖਾਹ ਘੱਟ ਅਦਾ ਕੀਤੀ ਗਈ ਹੋਵੇ ਜਾਂ ਜੇਕਰ ਨਿਯਕਤੀ ਦੀ ਤਾਰੀਖ ਅਤੇ ਤਨਖਾਹ ਦੋਵੇਂ ਇਕੋ ਹੋਣ ਤਾਂ ਉਮਰ ਦੇ ਕ੍ਰਮ ਅਨੁਸਾਰ, ਵੱਡੀ ਉਮਰ ਦੇ ਵਿਅਕਤੀ ਨੂੰ ਛੋਟੀ ਉਮਰ ਦੇ ਵਿਅਕਤੀ ਨਾਲੋਂ ਉਪਰ ਰੱਖਿਆ ਜਾਵੇਗਾ।

(ਅ) ਪਦ-ਉਨਤੀ ਦੁਆਰਾ ਨਿਯੁਕਤ ਹੋਏ ਸੇਵਾ ਦੇ ਮੈਂਬਰਾਂ ਦੀ ਸੀਨੀਅਰਤਾ ਦੇ ਕੇਸ ਵਿੱਚ, ਉਨ੍ਹਾਂ ਦੀ ਹੇਠਲੀ ਸ਼੍ਰੇਣੀ, ਜਿਸ ਤੋਂ ਉਨ੍ਹਾਂ ਨੂੰ ਤਰੱਕੀ ਦਿੱਤੀ ਗਈ ਸੀ, ਦੀ ਪਰਸਪਰ ਸੀਨੀਅਰਤਾ ਦੇ ਅਨੁਸਾਰ ਹੋਵੇਗੀ। ਸਿਵਾਏ ਇਸ ਦੇ ਕਿ ਹੇਠਲੀ ਸ਼੍ਰੇਣੀ ( ਕਲਾਸ ) ਦਾ ਮੈਂਬਰ ਉਸੇ ਸ਼੍ਰੇਣੀ ਦੇ ਹੀ ਕਿਸੇ

ਹੋਰ ਮੈਂਬਰ, ਜੋ ਉਸ ਤੋਂ ਸੀਨੀਅਰ ਹੋਵੇ ਅਤੇ ਬਾਦ ਵਾਲੇ ਵਿਅਕਤੀ ਨੂੰ ਤਰੱਕੀ ਲਈ ਅਣ- ਉਚਿਤ ਅਤੇ ਅਯੋਗ ਹੋਣ ਕਰਕੇ ਨਜ਼ਰ- ਅੰਦਾਜ਼ ਕਰ ਦਿੱਤਾ ਗਿਆ ਹੋਵੇ, ਤੋਂ ਪਹਿਲਾਂ ਤਰੱਕੀ ਪਾ ਲਵੇ ਤਾਂ ਅਜਿਹੇ ਕੇਸ ਵਿੱਚ, ਹੇਠਲੀ ਸ਼੍ਰੇਣੀ ਦਾ ਪਹਿਲਾਂ ਤਰੱਕੀ ਪਾਉਣ ਵਾਲਾ ਮੈਂਬਰ ਹੇਠਲੀ ਸ਼੍ਰੇਣੀ ਦੇ ਅਜਿਹੇ ਦੂਜੇ ਮੈਂਬਰਾਂ, ਜੇਕਰ ਅਤੇ ਜਦੋਂ ਬਾਦ ਵਾਲਾ ਮੈਂਬਰ ਤਰੱਕੀ ਪਾਉਂਦਾ ਹੈ ਤਾਂ ਉਪਰਲੀ ਸ਼੍ਰੇਣੀ ਵਿੱਚ ਉਸ ਤੋਂ ਉਪਰਲਾ ਰੈਂਕ ਲਵੇਗਾ।

ਪਰ ਤੀਜੀ ਸ਼ਰਤ ਇਹ ਹੈ ਕਿ ਸੇਵਾ ਦਾ ਮੈਂਬਰ, ਜਿਹੜਾ ਸਿੱਧੀ ਨਿਯੁਕਤੀ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ, ਸੇਵਾ ਦੇ ਸਾਰੇ ਮੈਂਬਰਾਂ, ਜੋ ਚੋਣ ਦੇ ਉਸੇ ਬੈਚ ਵਿੱਚ ਸਿੱਧੀ ਨਿਯੁਕਤੀ ਦੁਆਰਾ ਕਿਸੇ ਵੀ ਮੈਂਬਰ ਦੀ ਨਿਯੁਕਤੀ ਤੋਂ ਮਗਰੋਂ ਸੇਵਾ ਵਿੱਚ ਨਿਯੁਕਤ ਕੀਤੇ ਗਏ ਹੋਣ, ਤੋਂ ਸੀਨੀਅਰ ਹੋਵੇਗਾ।

ਪਰੰਤੂ ਚੌਥੀ ਸ਼ਰਤ ਇਹ ਹੈ ਕਿ ਬਦਲੀ ਦੁਆਰਾ ਨਿਯੁਕਤ ਕੀਤੇ ਗਏ ਸੇਵਾ ਦੇ ਕਿਸੇ ਮੈਂਬਰ ਦੀ ਸੀਨੀਅਰਤਾ ਨਿਯੁਕਤੀ ਅਧਿਕਾਰੀ ਦੁਆਰਾ ਹਰ ਇੱਕ ਕੇਸ ਦੀ ਮੈਰਿਟ ਉਤੇ ਨਿਰਧਾਰਿਤ ਕੀਤੀ ਜਾਵੇਗੀ।

ਪੰਜਵੀਂ ਸ਼ਰਤ ਇਹ ਹੈ ਕਿ ਜੇਕਰ ਸੇਵਾ ਦਾ ਕੋਈ ਮੈਂਬਰ ਆਪਣੇ ਤੋਂ ਸੀਨੀਅਰ ਵਿਅਕਤੀ ਤੋਂ ਪਹਿਲਾਂ, ਤਰੱਕੀ ਲਈ ਸੀਨੀਅਰ ਵਿਅਕਤੀ ਦੀ ਅਨਿਪੁੰਨਤਾ ਜਾਂ ਉਸ ਦੀ ਅਯੋਗਤਾ ਤੋਂ ਹੋਰਵੇਂ ਕਾਰਨਾਂ ਕਰਕੇ, ਆਸਾਮੀ ਉਤੇ ਆਰਜ਼ੀ ਤੌਰ ਤੇ ਤਰੱਕੀ ਪ੍ਰਾਪਤ ਕਰ ਲਵੇ ਤਾਂ ਉਨ੍ਹਾਂ ਦੀ ਪਰਸਪਰ ਸੀਨੀਅਰਤਾ ਉਸ ਸ਼੍ਰੇਣੀ ਜਿਸ ਵਿਚੋਂ ਉਨ੍ਹਾਂ ਨੇ ਤਰੱਕੀ ਲਈ ਸੀ, ਵਿਚਲੀ ਆਪੋ ਆਪਣੀ ਸੀਨੀਅਰਤਾ ਅਨੁਸਾਰ ਹੋਵੇਗੀ।

**ਨੋਟ** 1) : -ਇਹ ਵਿਨਿਯਮ ਉਨ੍ਹਾਂ ਮੈਂਬਰਾਂ ਉਤੇ ਲਾਗੂ ਨਹੀਂ ਹੋਵੇਗਾ ਜੋ ਉਨ੍ਹਾਂ ਦੇ ਯੋਗਤਾ ਟੈਸਟ/ ਪ੍ਰੀਖਿਆ ਪਾਸ ਕਰਨ ਤੱਕ ਪੂਰਣ ਤੌਰ ਤੇ ਆਰਜ਼ੀ ਆਧਾਰ ਉਤੇ ਨਿਯੁਕਤ ਕੀਤੇ ਗਏ ਹਨ।

2) ਜੇਕਰ ਸੇਵਾ ਦਾ ਕੋਈ ਮੈਂਬਰ ਅਜ਼ਮਾਇਸ਼ ਦੇ ਨਿਰਧਾਰਿਤ ਕੀਤੇ ਸਮੇਂ ਦੇ ਅੰਦਰ ਅੰਦਰ ਆਪਣੇ ਆਪ ਨੂੰ ਨਿਰੰਤਰ ਨਿਯੁਕਤੀ ਲਈ ਕਾਬਲ ( qualify )ਨਾ ਬਣਾ ਸਕੇ ਤਾਂ ਨਿਯੁਕਤੀ ਅਧਿਕਾਰੀ ਨਿਰਧਾਰਿਤ ਕਰੇਗਾ ਕਿ ਕੀ ਇਸ ਨਿਯਮ ਦੇ ਮੰਤਵ ਲਈ ਉਸ ਦੀ ਨਿਯੁਕਤੀ ਦੀ ਮਿਤੀ ਉਸ ਸਮੇਂ ਤੱਕ ਸਥੱਗਿਤ ਕੀਤੀ ਜਾਵੇਗੀ ਜਾਂ ਨਹੀਂ ਜੋ ਕਿ ਉਸ ਸਮੇਂ ਤੋਂ ਵੱਧ ਨਹੀਂ ਹੋਵੇਗਾ ਜਿਸ ਤੱਕ ਅਜਿਹੇ ਅਧਿਕਾਰੀ ਦੀ ਨਿਰੰਤਰ ਨਿਯੁਕਤੀ ਅਜ਼ਮਾਇਸ਼ ਦੇ ਨਿਰਧਾਰਿਤ ਸਮੇਂ ਤੋਂ ਬਾਦ ਲੇਟ ਕੀਤੀ ਜਾਂਦੀ ਹੈ।

ਉਨ੍ਹਾਂ ਕਰਮਚਾਰੀਆਂ, ਜਿਹੜੇ ਵਿਨਿਯਮ 16 ਦੀ ਸੋਧ ਇਥੇ ਲਾਗੂ ਹੋਣ ਤੋਂ ਪਹਿਲਾਂ ਹੀ ਪੱਕੇ ( confirm ) ਹੋ ਚੁੱਕੇ ਹਨ, ਤੋਂ ਇਲਾਵਾ ਕਾਡਰ ਵਿੱਚ ਸੇਵਾ ਦੇ ਮੈਂਬਰਾਂ ਦੀ ਸੀਨੀਅਰਤਾ ਇਸ ਵਿਨਿਯਮ ਦੇ ਅਨੁਸਾਰ ਨਿਯਮਿਤ ਅਤੇ ਨਿਰਧਾਰਿਤ ਕੀਤੀ ਜਾਵੇਗੀ।

## ਸੇਵਾ ਦੇ ਮੈਂਬਰਾਂ ਦੀ ਤਨਖਾਹ

17. ਸੇਵਾ ਦੇ ਮੈਂਬਰ ਤਨਖਾਹ ਦੇ ਅਜਿਹੇ ਸਕੇਲਾਂ ਦੇ ਹੱਕਦਾਰ ਹੋਣਗੇ ਜਿਹੜੇ ਕਿ ਸਮੇਂ ਸਮੇਂ 'ਤੇ ਬੋਰਡ ਦੁਆਰਾ ਨਿਰਧਾਰਿਤ ਕੀਤੇ ਜਾਣ। ਵਿਸ਼ਿਸ਼ਟ ਆਸਾਮੀਆਂ ਦੇ ਸਬੰਧ ਵਿੱਚ ਵਰਤਮਾਨ ਲਾਗੂ ਤਨਖਾਹ ਦੇ ਸਕੇਲ ਅੰਤਿਕਾ 'ੳ' ਵਿੱਚ ਦਿੱਤੇ ਜਾਂਦੇ ਹਨ।

ਪਰੰਤੂ ਸ਼ਰਤ ਇਹ ਹੈ ਕਿ ਬੋਰਡ ਲਿਖਤੀ ਰੂਪ ਵਿੱਚ ਕਾਰਨ ਰਿਕਾਰਡ ਕਰਦੇ ਹੋਏ, ਸੇਵਾ ਵਿੱਚ ਨਿਯੁਕਤ ਕੀਤੇ ਕਿਸੇ ਵੀ ਵਿਅਕਤੀ ਨੂੰ ਅਤਿਰਿਕਤ ਯੋਗਤਾ ਅਤੇ/ ਜਾਂ ਤਜਰਬੇ ਦੀ ਕਦਰਦਾਨੀ ਕਰਦਿਆਂ ਸਕੇਲ ਦੀ ਘੱਟ ਤੋਂ ਘੱਟ ਤਨਖਾਹ ਤੋਂ ਵਧੇਰੇ ਮੁਢਲਾ ਆਰੰਭ ਦੇ ਸਕਦਾ ਹੈ।

## ਛੁੱਟੀ, ਪੈਨਸ਼ਨ ਅਤੇ ਹੋਰ ਮਾਮਲੇ

18. ਛੁੱਟੀ, ਪੈਨਸ਼ਨ ਅਤੇ ਹੋਰ ਸਬੰਧਤ ਮਾਮਲਿਆਂ ਦੇ ਸਬੰਧ ਵਿੱਚ ਜਿਨ੍ਹਾਂ ਬਾਰੇ ਇਹਨਾਂ ਵਿਨਿਯਮਾਂ ਵਿੱਚ ਸਪਸ਼ਟ ਰੂਪ ਵਿੱਚ ਉਪਬੰਧ ਨਹੀਂ ਕੀਤਾ ਗਿਆ ਹੈ, ਸੇਵਾ ਦੇ ਮੈਂਬਰਾਂ ਨੂੰ ਅਜਿਹੇ ਵਿਨਿਯਮਾਂ ਦੁਆਰਾ ਸ਼ਾਸ਼ਤ ਕੀਤਾ ਜਾਵੇਗਾ ਜੋ ਬਿਜਲੀ ( ਸਪਲਾਈ ) ਐਕਟ, 1948 ਦੀ ਧਾਰਾ 79 (ੲ) ਅਧੀਨ ਬੋਰਡ ਦੁਆਰਾ ਬਣਾਏ ਗਏ ਹੋਣ ਜਾਂ ਇਸ ਮਗਰੋਂ ਬਣਾਏ ਜਾਣਗੇ।

## ਲੋਦਾ ( vaccination )

19. ਸੇਵਾ ਦੇ ਹਰ ਇੱਕ ਮੈਂਬਰ ਨੂੰ ਜਦੋਂ ਬੋਰਡ ਵਿਸ਼ੇਸ਼ ਜਾਂ ਆਮ ਆਦੇਸ਼ ਰਾਹੀਂ ਇਸ ਤਰ੍ਹਾਂ ਹਦਾਇਤ ਕਰੇ, ਉਸ ਨੂੰ ਆਪਣੇ ਆਪ ਨੂੰ ਲੋਦਾ ਅਤੇ ਦੁਬਾਰਾ ਲੋਦਾ ਲਗਵਾਉਣਾ ਪਵੇਗਾ।

## ਸੇਵਾ / ਬਦਲੀ ਲਈ ਜਿੰਮੇਵਾਰੀ

20. ਸੇਵਾ ਦੇ ਹਰ ਇੱਕ ਮੈਂਬਰ ਨੂੰ ਬੀ. ਬੀ. ਐਮ ਬੀ., ਬਿਆਸ ਉਸਾਰੀ ਬੋਰਡ, ਕੇਂਦਰੀ ਜਲ ਅਤੇ ਬਿਜਲੀ ਕਮਿਸ਼ਨ ਅਤੇ ਹੋਰ ਕਿਸੇ ਵੀ ਅਦਾਰੇ ਵਿੱਚ ਜੋ ਕਿ ਪੰਜਾਬ ਰਾਜ ਬਿਜਲੀ ਬੋਰਡ ਦੁਆਰਾ ਕਿਸੇ ਸੰਸਥਾ / ਰਾਜ ਬਿਜਲੀ ਬੋਰਡ / ਰਾਜ ਸਰਕਾਰ / ਕੇਂਦਰੀ ਸਰਕਾਰ ਨਾਲ ਭਾਈਵਾਲੀ/ ਸਹਿਯੋਗ ਨਾਲ ਲੈ ਲਈ ਗਈ ਹੋਵੇ ਵਿੱਚ ਕਿਸੇ ਵੀ ਸਮੇਂ ਸਰਵਿਸ ਲਈ ਭੇਜਿਆ / ਬਦਲਿਆ ਜਾ ਸਕੇਗਾ।

## ਅਨੁਸ਼ਾਸਨ, ਦੰਡ ਅਤੇ ਅਪੀਲ

21. (1) ਅਨੁਸ਼ਾਸਨ, ਦੰਡ ਅਤੇ ਅਪੀਲ ਨਾਲ ਸਬੰਧਤ ਮਾਮਲਿਆਂ ਵਿੱਚ, ਸੇਵਾ ਦੇ ਮੈਂਬਰਾਂ ਨੂੰ ਸਮੇਂ ਸਮੇਂ ਤੇ ਸੋਧੇ ਗਏ ਅਨੁਸਾਰ ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ( ਸਜ਼ਾ ਅਤੇ ਅਪੀਲ ) ਵਿਨਿਯਮ 1971 ਦੁਆਰਾ ਸ਼ਾਸ਼ਤ ਕੀਤਾ ਜਾਵੇਗਾ।

ਪਰੰਤੂ ਸ਼ਰਤ ਇਹ ਹੈ ਕਿ ਦੰਡ ਦੀ ਕਿਸਮ, ਜੋ ਲਾਈ ਜਾ ਸਕਦੀ ਹੈ, ਅਜਿਹਾ ਦੰਡ ਲਗਾ ਸਕਣ ਵਾਲਾ ਅਖਤਿਆਰੀ ਅਧਿਕਾਰੀ ਅਤੇ ਅਪੀਲੀ ਅਧਿਕਾਰੀ ਅੰਤਕਾ – 'ਅ' ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਹੋਵੇਗਾ।

(2) ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ( ਸਜ਼ਾ ਤੇ ਅਪੀਲ ) ਵਿਨਿਯਮ 1971 ਦੇ ਵਿਨਿਯਮ 18 ਦੇ ਅਧੀਨ ਹੁਕਮ/ ਆਦੇਸ਼ ਕਰਨ ਲਈ ਸਮਰੱਥ ਅਧਿਕਾਰੀ ( ਅਥਾਰਟੀ ) ਅੰਤਿਕਾ 'ਅ' ਅਨੁਸਾਰ ਅਪੀਲੀ ਅਧਿਕਾਰੀ ਹੋਵੇਗਾ ਸਿਵਾਏ ਇਸ ਦੇ ਕਿ ਮੁੱਖ ਲੇਖਾ ਅਫਸਰ ਅਤੇ ਮੁੱਖ ਲੇਖਾ– ਪੜਤਾਲਕਾਰ ਦੇ ਕੇਸ ਵਿੱਚ ਇਹ ਅਖਤਿਆਰ ਬੋਰਡ ਦੁਆਰਾ ਵਰਤੇ ਜਾਣਗੇ।

## ਜਨਰਲ ( ਆਮ )

22. ਅਜਿਹੇ ਸਾਰੇ ਮਾਮਲਿਆਂ ਸਬੰਧੀ, ਜਿਨ੍ਹਾਂ ਬਾਰੇ ਇਨ੍ਹਾਂ ਵਿਨਿਯਮਾਂ ਵਿੱਚ ਸਪਸ਼ਟ ਤੌਰ ਤੇ ਉਪਬੰਧ ਨਹੀਂ ਕੀਤੀ ਗਿਆ, ਸੇਵਾ ਦੇ ਮੈਂਬਰਾਂ ਨੂੰ ਅਜਿਹੇ ਜਨਰਲ ਵਿਨਿਯਮਾਂ, ਜੋ ਬੋਰਡ ਦੁਆਰਾ ਬਣਾਏ ਗਏ ਹੋਣ ਜਾਂ ਇਸ ਮਗਰੋਂ ਸਮੇਂ ਸਮੇਂ 'ਤੇ ਬਣਾਏ ਜਾਣੇ ਹਨ, ਦੁਆਰਾ ਸ਼ਾਸ਼ਤ ਕੀਤਾ ਜਾਵੇਗਾ।

## ਰਿਆਇਤ ਦੇਣ ਸਬੰਧੀ ਅਖਤਿਆਰ

23. ਜਿਥੇ ਬੋਰਡ ਦੀ ਇਹ ਰਾਇ ਹੋਵੇ ਕਿ ਇਸ ਤਰ੍ਹਾਂ ਕਰਨਾ ਜ਼ਰੂਰੀ ਜਾਂ ਉਚਿਤ ਹੈ ਤਾਂ ਇਹ ਲਿਖਤੀ ਰੂਪ ਵਿੱਚ ਰਿਕਾਰਡ ਕੀਤੇ ਜਾਣ ਵਾਲੇ ਕਾਰਨਾਂ ਲਈ ਆਦੇਸ਼ ਕਰਕੇ ਅਧਿਕਾਰੀਆਂ ਦੀ ਕਿਸੇ ਸ਼੍ਰੇਣੀ ਜਾਂ ਕੈਟਾਗਰੀਆਂ ਦੇ ਸਬੰਧ ਵਿੱਚ ਕਿਸੇ ਵੀ ਵਿਨਿਯਮ ਵਿੱਚ ਰਿਆਇਤ ਦੇ ਸਕਦਾ ਹੈ।

ਬਾਹੁਕਮ ਬੋਰਡ

ਸਕੱਤਰ,
ਪੰਜਾਬ ਰਾਜ ਬਿਜਲੀ ਬੋਰਡ,
ਪਟਿਆਲਾ।

## ਅੰਤਿਕਾ – 'ੳ'

**( ਵਿਨਿਯਮ 3 ਅਤੇ 17 ਵਿੱਚ ਕੀਤਾ ਗਿਆ ਹਵਾਲਾ )**

| ਕ੍ਰਮ ਨੰ: | ਨਿਯੁਕਤੀ ਦਾ ਨਾਂ | ਤਨਖਾਹ ਦਾ ਸਕੇਲ |
|---|---|---|
| | **ਸ਼੍ਰੇਣੀ (ਕਲਾਸ) -I ਆਸਾਮੀਆਂ** | |
| 1. | ਮੁੱਖ ਲੇਖਾ ਅਫਸਰ | 4500- 125- 5000- 150-5900- 200- 6300 ਰੁ. |
| 2. | ਮੁੱਖ ਲੇਖਾ-ਪੜਤਾਲਕਾਰ | 4500- 125- 5000- 150-5900- 200- 6300 ਰੁ. |
| 3. | ਵਿੱਤੀ ਸਲਾਹਕਾਰ | 4500- 125- 5000- 150-5900- 200- 6300 ਰੁ. |
| 4. | ਕਾਨੂੰਨੀ ਸਲਾਹਕਾਰ | 3000- 100- 4000- 125- 5000- 150- 5600 ਰੁ. |
| 5. | ਉਪ ਸਕੱਤਰ | 3700- 100- 4000- 125- 5000 ਜਮ੍ਹਾਂ 400/- ਰੁ. ਵਿਸ਼ੇਸ਼ ਤਨਖਾਹ |
| 5-ੳ | ਉਪ ਸਕੱਤਰ/ ਸਟੈਨੋਗ੍ਰਾਫੀ | 3700- 5000 ਰੁ. + 400/- ਰੁ. ਵਿਸ਼ੇਸ਼ ਤਨਖਾਹ |
| 6. | ਉਪ ਮੁੱਖ ਲੇਖਾ ਅਫਸਰ | 3700- 100- 4000- 125- 5000- 150- 5600 ਰੁ. ਜਮ੍ਹਾਂ 400/- ਰੁ. ਵਿਸ਼ੇਸ਼ |

| | | |
|---|---|---|
| | | ਤਨਖਾਹ ਜੋ ਹੈਡ ਕੁਆਰਟਰ ਦੇ ਦਫਤਰਾਂ ਵਿੱਚ ਕੰਮ ਕਰ ਰਹੇ ਹਨ। |
| 7. | ਡਾਇਰੈਕਟਰ ਲੋਕ ਸੰਪਰਕ | 3000- 100- 4000- 125- 5000 |
| 8. | ਅਧੀਨ ਸਕੱਤਰ (ਸਿਲੈਕਸ਼ਨ ਗਰੇਡ) | 3000- 100- 4000- 125- 4500 ਜਮ੍ਹਾਂ 400/- ਰੁ. ਵਿਸ਼ੇਸ਼ ਤਨਖਾਹ |
| 9. | ਅਧੀਨ ਸਕੱਤਰ | |
| 9-ੳ. | ਸ਼ਿਕਵਾ-ਸ਼ਿਕਾਇਤ ਅਫਸਰ ( Grievances Officer ) | 3700- 100- 4000- 125- 5000 ਜਮ੍ਹਾਂ 400/- ਰੁ. ਵਿਸ਼ੇਸ਼ ਤਨਖਾਹ |
| 9-ਅ. | ਤਾਲਮੇਲ-ਕਮ- ਸ਼ਿਸ਼ਟਾਚਾਰ ਅਫਸਰ ( Liasion-Cum- Protocol ) | 3000- 100- 4000- 125- 4500 ਜਮ੍ਹਾਂ 400/- ਰੁ. ਵਿਸ਼ੇਸ਼ ਤਨਖਾਹ ਰੁ. |
| 9-ੲ. | ਸੀਨੀਅਰ ਨਿੱਜੀ ਸਕੱਤਰ/ ਅਧੀਨ ਸਕੱਤਰ ( ਸਟੈਨੋਗ੍ਰਾਫੀ ) | 3000- 4500 ਰੁ. ਜਮ੍ਹਾਂ 400/- ਰੁ. ਵਿਸ਼ੇਸ਼ ਤਨਖਾਹ |
| 10. | ਕੱਢ ਦਿੱਤਾ ਗਿਆ ਹੈ | |
| 11. | ਮੁੱਖ ਕੈਮਿਸਟ | 3000- 100- 4000- 125- 4500 |
| 12. | ਆਰਕੀਟੈਕਟ | 3000- 100- 4000- 125- 5000 |
| 13. | ਸੀਨੀਅਰ ਮੈਡੀਕਲ ਅਫਸਰ | 2200- 70- 2550- 75- 3000- 100- 4000 ਰੁ. (2250 ਰੁ. ਦੇ ਮੁੱਢਲੇ ਆਰੰਭ ਸਮੇਤ ) ਜਮ੍ਹਾਂ ਨਿਮਨ ਦਰਜ ਦਰਾਂ 'ਤੇ ਪ੍ਰੈਕਿਟਸ ਨਾ ਕਰਨ ਦਾ ਪ੍ਰਤਿ ਮਹੀਨਾ ਭੱਤਾ :<br>i) 3000/- ਤੋਂ ਥੱਲੇ 600/- ਰੁ.<br>ii) 3000/- ਰੁ. ਤੋਂ ਉਪਰ 750/- ਰੁ. ਪਰੰਤੂ 3700/- ਰੁ. ਤੋਂ ਥੱਲੇ<br>iii) 3700/- ਰੁ. ਤੋਂ ਉਪਰ 900/- ਰੁ. |
| 14. | ਉਦਯੋਗਿਕ ਸੰਪਰਕ ਅਫਸਰ | 2400- 70- 2550- 75- 3000- 100- 4000 ਰੁ. |
| | **ਸ਼੍ਰੇਣੀ - II ਆਸਾਮੀਆਂ** | |
| 15. | ਲੇਖਾ ਅਫਸਰ | 2400- 70- 2550- 75- 3000- 100- 4000-125- 4250 ਰੁ. (2700/- ਰੁ. ਦੇ ਮੁੱਢਲੇ ਆਰੰਭ ਸਮੇਤ) + 200/- |

| | | |
|---|---|---|
| | | ਵਿਸ਼ੇਸ਼ ਤਨਖਾਹ ਸਮੇਤ ਉਹਨਾਂ ਨੂੰ ਜੋ ਹੈੱਡ ਆਫਿਸ ਵਿੱਚ ਕੰਮ ਕਰ ਰਹੇ ਹਨ। |
| 16. | ਸਹਾਇਕ ਆਰਕੀਟੈਕਟ (ਸਿਲੈਕਸ਼ਨ ਗਰੇਡ ) | 2200- 70- 2550- 75- 3000- 100- 4000 ਰੁ. |
| 17. | ਸਹਾਇਕ ਆਰਕੀਟੈਕਟ | 2200- 70- 2550- 75- 3000- 100- 4000 ਰੁ. |
| 18. | ਉਪ ਮੁੱਖ ਕੈਮਿਸਟ | 2200- 70- 2550- 75- 3000- 100- 4000 ਰੁ. |
| 19. | ਸੀਨੀਅਰ ਕੈਮਿਸਟ | 2200- 70- 2550- 75- 3000- 100- 4000 ਰੁ. |
| 20. | ਮੈਡੀਕਲ ਅਫਸਰ/ ਸਹਾਇਕ ਸਰਜਨ | 2200- 70- 2550- 75- 3000- 100- 4000 ਰੁ. ( 2250/- ਰੁ. ਦੇ ਮੁੱਢਲੇ ਆਰੰਭ ਸਹਿਤ ) ਜਮ੍ਹਾਂ ਨਿਮਨ ਦਰਜ ਦਰਾਂ 'ਤੇ ਪ੍ਰੈਕਿਟਸ ਨਾ ਕਰਨ ਦਾ ਪ੍ਰਤਿ ਮਹੀਨਾ ਭੱਤਾ :<br>i) 3000/- ਤੋਂ ਥੱਲੇ 600/- ਰੁ.<br>ii) 3000/- ਰੁ. ਤੋਂ ਉਪਰ 750/- ਰੁ. ਪਰੰਤੂ 3700/- ਰੁ. ਤੋਂ ਥੱਲੇ<br>iii) 3700/- ਰੁ. ਤੋਂ ਉਪਰ 900/- ਰੁ. |
| 21. | ਕਿਰਤ ਅਤੇ ਭਲਾਈ ਅਫਸਰ | 2100- 70- 2550- 75- 3000- 100- 3700 ਰੁ. |
| 22. | ਭਾਸ਼ਾ ਅਫਸਰ | 825/ 1700 ਪੁਰਾਣਾ ਸਕੇਲ |
| 23. | ਕਾਨੂੰਨ ਅਫਸਰ ਗਰੇਡ- I | 2100- 70- 2550- 75- 3000- 100- 3700 ਰੁ. |
| 24. | ਅੰਕੜਾ ( Statistical ) ਅਫਸਰ | 2000- 60- 2060-70- 2550- 75- 3000- 100- 3000 ਰੁ. |
| 25. | ਹੈੱਡ ਆਫਿਸ ਸੁਪਰਡੈਂਟ (ਸਿਲੈਕਸ਼ਨ ਗਰੇਡ) | 2200- 70- 2550- 75- 3000- 100- 4000 ਰੁ. + 200/- ਰੁ. ਵਿਸ਼ੇਸ਼ ਤਨਖਾਹ |
| 26. | ਹੈੱਡ ਆਫਿਸ ਸੁਪਰਡੈਂਟ | 2200- 70- 2550- 75- 3000- 100- 4000 ਰੁ. + 200/- ਰੁ. ਵਿਸ਼ੇਸ਼ ਤਨਖਾਹ |
| 27. | ਨਿੱਜੀ ਸਕੱਤਰ (ਸਿਲੈਕਸ਼ਨ ਗਰੇਡ) ਟੂ ਚੇਅਰਮੈਨ/ ਮੈਂਬਰ/ ਸਕੱਤਰ | 2200- 70- 2550- 75- 3000- 100- |

| | | |
|---|---|---|
| | | 4000 ਰੁ. + 400/- ਰੁ. ਵਿਸ਼ੇਸ਼ ਤਨਖਾਹ |
| 28. | ਨਿੱਜੀ ਸਕੱਤਰ ਟੂ ਚੇਅਰਮੈਨ/ ਮੈਂਬਰ/ ਸਕੱਤਰ | 2200- 70- 2550- 75- 3000- 100- 4000 ਰੁ. + 400/- ਰੁ. ਵਿਸ਼ੇਸ਼ ਤਨਖਾਹ |
| 29. | ਲੋਕ ਸੰਪਰਕ ਅਫਸਰ | 2100- 70- 2550- 75- 3000- 100- 3700 ਰੁ. |
| 30. | ਸਹਾਇਕ ਖੋਜ ਅਫਸਰ | 2100- 70- 2550- 75- 3000- 100- 3700 ਰੁ. |
| 31. | ਸਪੋਰਟਸ ਅਫਸਰ | 1800- 50- 2000- 60- 2060- 70- 2550- 75- 3000- 100- 3200 ਰੁ. |
| 32. | ਸਟਾਕ ਜਾਂਚ-ਪੜਤਾਲ ਅਫਸਰ | 2200- 70- 2550- 75- 3000- 100- 4000 ਰੁ. |
| 33. | ਸੀਨੀਅਰ ਆਰਕੀਟੈਕਟ | 4500- 125- 5000- 150- 5900- 200- 6300 ਰੁ. |
| 34. | ਚੌਕਸੀ ਅਤੇ ਸੁਰੱਖਿਆ ਵਿੰਗ : - | |
| 1. | ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ | ਪੰਜਾਬ ਸਰਕਾਰ ਦੇ ਤਨਖਾਹ ਸਕੇਲ |
| 2. | ਸੁਪਰਡੈਂਟ ਆਫ ਪੁਲਿਸ | -- ਉਹੀ -- |
| 3. | ਡਿਪਟੀ ਸੁਪਰਡੈਂਟ ਆਫ ਪੁਲਿਸ | -- ਉਹੀ -- |

# ਅੰਤਿਕਾ – 'ਅ'

## ( ਵਿਨਿਯਮ 5 ਅਤੇ 21 ਵਿੱਚ ਕੀਤਾ ਗਿਆ ਹਵਾਲਾ )

| ਅਧਿਕਾਰੀ ਦਾ ਅਹੁਦਾ | ਨਿਯੁਕਤੀ ਅਧਿਕਾਰੀ | ਦੰਡ/ ਸਜ਼ਾ ਦੀ ਕਿਸਮ | ਦੰਡ ਲਾਉਣ ਲਈ ਸਮਰੱਥ ਅਥਾਰਟੀ | ਅਪੀਲੀ ਅਥਾਰਟੀ |
|---|---|---|---|---|
| 1 | 2 | **3** | 4 | 5 |
| ਮੁੱਖ ਲੇਖਾ ਅਫਸਰ<br><br>ਮੁੱਖ ਲੇਖਾ– ਪੜਤਾਲਕਾਰ | ਬੋਰਡ | ਮਾਮੂਲੀ ਸਜਾਵਾਂ<br>i) ਨਿਖੇਧੀ ਕਰਨਾ<br><br>ii) ਤਰੱਕੀਆਂ ਰੋਕਣਾ<br><br>iii) ਆਦੇਸ਼ਾਂ ਦੀ ਅਣਗਹਿਲੀ ਕਰਨ ਜਾਂ ਉਲੰਘਣਾ ਕਰਨ ਕਰਕੇ ਬੋਰਡ ਨੂੰ ਹੋਏ ਕਿਸੇ ਸਮੁੱਚੇ ਮਾਇਕ ਨੁਕਸਾਨ ਜਾਂ ਉਸ ਦੇ ਕਿਸੇ ਹਿੱਸੇ ਦੀ ਪੂਰਤੀ ਲਈ ਤਨਖਾਹ ਵਿੱਚੋਂ ਵਸੂਲੀ।<br><br>iv) ਸੰਚਿਤ ਪ੍ਰਭਾਵ ਤੋਂ ਬਿਨਾਂ ਤਨਖਾਹ ਦੀਆਂ ਸਾਲਾਨਾ ਤਰੱਕੀਆਂ ( increments ) ਰੋਕਣਾ। | ਬੋਰਡ | ਨਿਲ |
| | | **ਮੁੱਖ ਸਜ਼ਾਵਾਂ**<br>v) ਸੰਚਿਤ ਪ੍ਰਭਾਵ ਸਹਿਤ ਤਨਖਾਹ ਦੀਆਂ ਸਾਲਾਨਾ ਤਰੱਕੀਆਂ ( increments ) ਰੋਕਣਾ ਜਾਂ ਨਿਸ਼ਚਿਤ ਸਮੇਂ ਲਈ ਤਨਖਾਹ ਦੇ ਸਮਾਂ ਸਕੇਲ ਵਿੱਚ ਹੇਠਲੀ ਸਟੇਜ ਤੇ ਪਰਤਾਉਣਾ ( reduction ), ਇਸ ਬਾਰੇ ਹੋਰ ਹਦਾਇਤਾਂ ਸਮੇਤ ਕਿ ਕੀ ਕਰਮਚਾਰੀ ਅਜਿਹੇ ਪਰਤਾਉਣ ( ਰੀਡਕਸ਼ਨ ) ਦੇ ਸਮੇਂ ਦੌਰਾਨ ਤਨਖਾਹ ਦੀਆਂ ਸਾਲਾਨਾ ਤਰੱਕੀਆਂ ਕਮਾਏਗਾ ਕਿ ਨਹੀਂ ਅਤੇ ਕੀ ਅਜਿਹੇ ਸਮੇਂ ਦੇ ਸਮਾਪਤ ਹੋ ਜਾਣ ਮਗਰੋਂ ਪਰਤਾਏ ( ਰੀਡਕਸ਼ਨ ) ਜਾਣ ਕਾਰਨ ਇਸ ਨਾਲ ਉਸ ਦੀ ਤਨਖਾਹ ਦੀਆਂ ਭਵਿਖੀ ਸਾਲਾਨਾ ਤਰੱਕੀਆਂ ਦਾ ਸਥੱਗਨ ਪ੍ਰਭਾਵਿਤ ਹੋਵੇਗਾ ਜਾਂ ਨਹੀਂ ;<br><br>vi) ਤਨਖਾਹ ਗ੍ਰੇਡ ਦੇ ਹੇਠਲੇ ਸਮਾਂ ਸਕੇਲ ਜਾਂ ਆਸਾਮੀ ਜਾਂ ਸੇਵਾ ਵਿੱਚ ਪਰਤਾਉਣਾ ਜਿਹੜੀ ਕਿ ਸਾਧਾਰਣ ਤੌਰ ਤੇ ਤਨਖਾਹ ਦੇ ਸਮਾਂ ਸਕੇਲ, ਗ੍ਰੇਡ, ਆਸਾਮੀ ਜਾਂ ਸੇਵਾ ਵਿੱਚ ਕਰਮਚਾਰੀ ਦੀ ਤਰੱਕੀ ਤੇ ਰੋਕ ਹੋਵੇਗੀ, ਜਿਸ ਤੋਂ ਉਸ ਨੂੰ ਪਰਤਾਇਆ ਗਿਆ ਸੀ ਅਤੇ ਇਸ ਸਬੰਧੀ ਅਗਲੀਆਂ ਹਦਾਇਤਾਂ ਸਮੇਤ ਜਾਂ ਬਿਨਾਂ ਕਿ ਗ੍ਰੇਡ ਜਾਂ ਆਸਾਮੀ ਜਾਂ ਸੇਵਾ ਜਿਸ ਤੋਂ ਕਰਮਚਾਰੀ ਨੂੰ ਪਰਤਾਇਆ ਗਿਆ ਸੀ, ਵਿੱਚ ਬਹਾਲੀ ਦੀਆਂ ਸ਼ਰਤਾਂ ਸਬੰਧੀ ਅਤੇ ਉਸ ਗ੍ਰੇਡ, ਆਸਾਮੀ ਜਾਂ ਸੇਵਾ ਵਿੱਚ ਅਜਿਹੀ ਬਹਾਲੀ ਹੋਣ ਉਤੇ ਉਸ ਦੀ ਸੀਨੀਅਰਤਾ ਅਤੇ ਤਨਖਾਹ ਸਬੰਧੀ । | - ਉਹੀ - | - ਉਹੀ - |

| | | | | |
|---|---|---|---|---|
| 1 | 2 | **3** | 4 | 5 |
| | | vii) ਲਾਜ਼ਮੀ ਸੇਵਾ-ਨਿਵਿਰਤੀ ( ਰਿਟਾਇਰਮੈਂਟ )<br><br>viii) ਸੇਵਾ ਤੋਂ ਬਰਤਰਫੀ ਜਿਹੜੀ ਕਿ ਬੋਰਡ ਅਧੀਨ ਭਵਿਖ ਵਿੱਚ ਨਿਯੁਕਤੀ ਲਈ ਅਯੋਗਤਾ ਨਹੀਂ ਹੋਵੇਗੀ।<br><br>ix) ਸੇਵਾ ਤੋਂ ਬਰਖਾਸਤਗੀ ਜਿਹੜੀ ਕਿ ਸਾਧਾਰਣ ਤੌਰ ਤੇ ਬੋਰਡ ਅਧੀਨ ਭਵਿਖ ਵਿੱਚ ਨਿਯੁਕਤੀ ਲਈ ਅਯੋਗਤਾ ਹੋਵੇਗੀ। | | |
| ਕਾਨੂੰਨੀ ਸਲਾਹਕਾਰ | ਪੂਰਣਕਾਲੀ ਮੈਂਬਰ | -- ਉਹੀ -- | ਪੂਰਣਕਾਲੀ ਮੈਂਬਰ | ਬੋਰਡ |
| ਵਿੱਤੀ ਸਲਾਹਕਾਰ | " | -- ਉਹੀ -- | | |
| ਡਾਇਰੈਕਟਰ ਲੋਕ ਸੰਪਰਕ | " | | | " |
| ਸੀਨੀਅਰ ਆਰਕੀਟੈਕਟ | " | -- ਉਹੀ -- | " | |

| ਅਧਿਕਾਰੀ ਦਾ ਅਹੁਦਾ | ਨਿਯੁਕਤੀ ਅਧਿਕਾਰੀ | ਦੰਡ/ ਸਜ਼ਾ ਦੀ ਕਿਸਮ | ਦੰਡ ਲਾਉਣ ਲਈ ਸਮਰੱਥ ਅਥਾਰਟੀ | ਅਪੀਲੀ ਅਥਾਰਟੀ |
|---|---|---|---|---|
| 1 | 2 | 3 | 4 | 5 |
| 1. ਉਪ ਸਕੱਤਰ<br>1-ੳ. ਉਪ ਸਕੱਤਰ/ ਸਟੈਨੋਗ੍ਰਾਫੀ<br>2. ਉਪ ਮੁੱਖ ਲੇਖਾ ਅਫਸਰ<br>3. ਅਧੀਨ ਸਕੱਤਰ (ਸਿਲੈਕਸ਼ਨ ਗਰੇਡ)<br>4. ਅਧੀਨ ਸਕੱਤਰ (ਸਿਲੈਕਸ਼ਨ ਗਰੇਡ)<br>ੳ. ਗਰੀਵੈਨਸਿਜ਼ ਅਫਸਰ<br>ਅ. ਤਾਲਮੇਲ- ਕਮ- ਸਿਸ਼ਟਾਚਾਰ ਅਫਸਰ | ਪੰ. ਰਾ. ਬਿ. ਬੋ. (ਚੇਅਰਮੈਨ ਦੇ ਅਖਤਿਆਰ ) ਨਿਯਮ 1959 ਦੇ ਨਿਯਮ 14 ਅਧੀਨ ਬੋਰਡ ਦੇ ਪੂਰਣ ਕਾਲੀ ਮੈਂਬਰਾਂ ਵਿਚਕਾਰ ਚੇਅਰਮੈਨ ਦੁਆਰਾ ਕੀਤੀ ਗਈ ਡਿਊਟੀਆਂ ਅਤੇ ਕਾਰਜਾਂ ਦੀ ਵੰਡ ਅਨੁਸਾਰ ਮੈਂਬਰ ਇੰਚਾਰਜ | ਮਾਮੂਲੀ ਸਜਾਵਾਂ<br>i) ਨਿਖੇਧੀ ਕਰਨਾ<br>ii) ਤਰੱਕੀਆਂ ਰੋਕਣਾ<br>iii) ਆਦੇਸ਼ਾਂ ਦੀ ਅਣਗਹਿਲੀ ਕਰਨ ਜਾਂ ਉਲੰਘਣਾ ਕਰਨ ਕਰਕੇ ਬੋਰਡ ਨੂੰ ਹੋਏ ਕਿਸੇ ਸਮੁੱਚੇ ਮਾਇਕ ਨੁਕਸਾਨ ਜਾਂ ਉਸ ਦੇ ਕਿਸੇ ਹਿੱਸੇ ਦੀ ਪੂਰਤੀ ਲਈ ਤਨਖਾਹ ਵਿੱਚੋਂ ਵਸੂਲੀ।<br>iv) ਸੰਚਿਤ ਪ੍ਰਭਾਵ ਤੋਂ ਬਿਨਾਂ ਤਨਖਾਹ ਦੀਆਂ ਸਾਲਾਨਾ ਤਰੱਕੀਆਂ ( increments ) ਰੋਕਣਾ। | ਪੰ. ਰਾ. ਬਿ. ਬੋ. (ਚੇਅਰਮੈਨ ਦੇ ਅਖਤਿਆਰ ) ਨਿਯਮ 1959 ਦੇ ਨਿਯਮ 14 ਅਧੀਨ ਬੋਰਡ ਦੇ ਪੂਰਣ ਕਾਲੀ ਮੈਂਬਰਾਂ ਵਿਚਕਾਰ ਚੇਅਰਮੈਨ ਦੁਆਰਾ ਕੀਤੀ ਗਈ ਡਿਊਟੀਆਂ ਅਤੇ ਕਾਰਜਾਂ ਦੀ ਵੰਡ ਅਨੁਸਾਰ ਮੈਂਬਰ ਇੰਚਾਰਜ | ਪੂਰਣ-ਕਾਲੀ ਮੈਂਬਰ |
| ੲ. ਸੀ. ਨਿਜੀ ਸਕੱਤਰ/ ਅਧੀਨ ਸਕੱਤਰ<br>5. ਸੀਨੀਅਰ ਲੇਖਾ ਅਫਸਰ<br>6. ਮੁੱਖ ਕੈਮਿਸਟ<br>7. ਆਰਕੀਟੈਕਟ<br>8. ਸੀਨੀਅਰ ਮੈਡੀਕਲ ਅਫਸਰ<br>9. ਉਦਯੋਗਿਕ ਸੰਪਰਕ ਅਫਸਰ<br>10. ਲੇਖਾ ਅਫਸਰ<br>11. ਸਹਾਇਕ ਆਰਕੀਟੈਕਟ (ਸਿਲੈਕਸ਼ਨ ਗਰੇਡ)<br>12. ਸਹਾਇਕ ਆਰਕੀਟੈਕਟ<br>13. ਉਪ ਮੁੱਖ ਕੈਮਿਸਟ<br>14.ਸੀਨੀਅਰ ਕੈਮਿਸਟ<br>15. ਸਹਾਇਕ ਜਿਆਲੋਜਿਸਟ<br>16. ਮੈਡੀਕਲ ਅਫਸਰ/ ਸਹਾਇਕ ਸਰਜਨ<br>17. ਕਿਰਤ ਅਤੇ ਭਲਾਈ ਅਫਸਰ<br>18. ਭਾਸ਼ਾ ਅਫਸਰ<br>19. ਕਾਨੂੰਨ ਅਫਸਰ ਗਰੇਡ-1<br>20. ਹੈਡ ਆਫਿਸ ਸੁਪਰਡੈਂਟ (ਸਿਲੈਕਸ਼ਨ ਗਰੇਡ)<br>21. ਅੰਕੜਾ ਅਫਸਰ<br>22. ਹੈਡ ਆਫਿਸ<br>23. ਨਿਜੀ ਸਕੱਤਰ (ਸਿਲੈਕਸ਼ਨ ਗਰੇਡ) ਟੂ ਚੇਅਰਮੈਨ/ ਮੈਂਬਰ/ ਸਕੱਤਰ<br>24. 23. ਨਿਜੀ ਸਕੱਤਰ ਟੂ ਚੇਅਰਮੈਨ/ ਮੈਂਬਰ/ ਸਕੱਤਰ<br>25. ਲੋਕ ਸੰਪਰਕ ਅਫਸਰ<br>26. ਸਹਾਇਕ ਖੋਜ ਅਫਸਰ<br>27. ਸਪੋਰਟਸ ਅਫਸਰ<br>28. ਸਟਾਕ ਜਾਂਚ-ਪੜਤਾਲ ਅਫਸਰ | ਚੇਅਰਮੈਨ<br>ਪੰ. ਰਾ. ਬਿ. ਬੋ. (ਚੇਅਰਮੈਨ ਦੇ ਅਖਤਿਆਰ ) ਨਿਯਮ 1959 ਦੇ ਨਿਯਮ 14 ਅਧੀਨ ਬੋਰਡ ਦੇ ਪੂਰਣ ਕਾਲੀ ਮੈਂਬਰਾਂ ਵਿਚਕਾਰ ਚੇਅਰਮੈਨ ਦੁਆਰਾ ਕੀਤੀ ਗਈ ਡਿਊਟੀਆਂ ਅਤੇ ਕਾਰਜਾਂ ਦੀ ਵੰਡ ਅਨੁਸਾਰ ਮੈਂਬਰ ਇੰਚਾਰਜ | **ਮੁੱਖ ਸਜ਼ਾਵਾਂ**<br>v) ਸੰਚਿਤ ਪ੍ਰਭਾਵ ਸਹਿਤ ਤਨਖਾਹ ਦੀਆਂ ਸਾਲਾਨਾ ਤਰੱਕੀਆਂ ( increments ) ਰੋਕਣਾ ਜਾਂ ਨਿਸ਼ਚਿਤ ਸਮੇਂ ਲਈ ਤਨਖਾਹ ਦੇ ਸਮਾਂ ਸਕੇਲ ਵਿੱਚ ਹੇਠਲੀ ਸਟੇਜ ਤੇ ਪਰਤਾਉਣਾ ( reduction ), ਇਸ ਬਾਰੇ ਹੋਰ ਹਦਾਇਤਾਂ ਸਮੇਤ ਕਿ ਕੀ ਕਰਮਚਾਰੀ ਅਜਿਹੇ ਪਰਤਾਉਣ ( ਰੀਡਕਸ਼ਨ ) ਦੇ ਸਮੇਂ ਦੌਰਾਨ ਤਨਖਾਹ ਦੀਆਂ ਸਾਲਾਨਾ ਤਰੱਕੀਆਂ ਕਮਾਏਗਾ ਕਿ ਨਹੀਂ ਅਤੇ ਕੀ ਅਜਿਹੇ ਸਮੇਂ ਦੇ ਸਮਾਪਤ ਹੋ ਜਾਣ ਮਗਰੋਂ ਪਰਤਾਏ ( ਰੀਡਕਸ਼ਨ ) ਜਾਣ ਕਾਰਨ ਇਸ ਨਾਲ ਉਸ ਦੀ ਤਨਖਾਹ ਦੀਆਂ ਭਵਿਖੀ ਸਾਲਾਨਾ ਤਰੱਕੀਆਂ ਦਾ ਸਥੱਗਨ ਪ੍ਰਭਾਵਿਤ ਹੋਵੇਗਾ ਜਾਂ ਨਹੀਂ ;<br>vi) ਤਨਖਾਹ ਗ੍ਰੇਡ ਦੇ ਹੇਠਲੇ ਸਮਾਂ ਸਕੇਲ ਜਾਂ ਆਸਾਮੀ ਜਾਂ ਸੇਵਾ ਵਿੱਚ ਪਰਤਾਉਣਾ ਜਿਹੜੀ ਕਿ ਸਾਧਾਰਣ ਤੌਰ ਤੇ ਤਨਖਾਹ ਦੇ ਸਮਾਂ ਸਕੇਲ, ਗ੍ਰੇਡ, ਆਸਾਮੀ ਜਾਂ ਸੇਵਾ ਵਿੱਚ ਕਰਮਚਾਰੀ ਦੀ ਤਰੱਕੀ ਤੇ ਰੋਕ ਹੋਵੇਗੀ, ਜਿਸ ਤੋਂ ਉਸ ਨੂੰ ਪਰਤਾਇਆ ਗਿਆ ਸੀ ਅਤੇ ਇਸ ਸਬੰਧੀ ਅਗਲੀਆਂ ਹਦਾਇਤਾਂ ਸਮੇਤ ਜਾਂ ਬਿਨਾਂ ਕਿ ਗ੍ਰੇਡ ਜਾਂ ਆਸਾਮੀ ਜਾਂ ਸੇਵਾ ਜਿਸ ਤੋਂ ਕਰਮਚਾਰੀ ਨੂੰ ਪਰਤਾਇਆ ਗਿਆ ਸੀ, ਵਿੱਚ ਬਹਾਲੀ ਦੀਆਂ ਸ਼ਰਤਾਂ ਸਬੰਧੀ ਅਤੇ ਉਸ ਗ੍ਰੇਡ, ਆਸਾਮੀ ਜਾਂ ਸੇਵਾ ਵਿੱਚ ਅਜਿਹੀ ਬਹਾਲੀ ਹੋਣ ਉਤੇ ਉਸ ਦੀ ਸੀਨੀਅਰਤਾ ਅਤੇ ਤਨਖਾਹ ਸਬੰਧੀ । | ਚੇਅਰਮੈਨ<br>ਪੰ. ਰਾ. ਬਿ. ਬੋ. (ਚੇਅਰਮੈਨ ਦੇ ਅਖਤਿਆਰ ) ਨਿਯਮ 1959 ਦੇ ਨਿਯਮ 14 ਅਧੀਨ ਬੋਰਡ ਦੇ ਪੂਰਣ ਕਾਲੀ ਮੈਂਬਰਾਂ ਵਿਚਕਾਰ ਚੇਅਰਮੈਨ ਦੁਆਰਾ ਕੀਤੀ ਗਈ ਡਿਊਟੀਆਂ ਅਤੇ ਕਾਰਜਾਂ ਦੀ ਵੰਡ ਅਨੁਸਾਰ ਮੈਂਬਰ ਇੰਚਾਰਜ | ਪੂਰਣ-ਕਾਲੀ ਮੈਂਬਰ<br>ਪੂਰਣ-ਕਾਲੀ ਮੈਂਬਰ |

| | | | | |
|---|---|---|---|---|
| 1 | 2 | **3** | 4 | 5 |
| **ਚੌਕਸੀ ਅਤੇ ਸੁਰੱਖਿਆ ਵਿੰਗ**<br><br>1. ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ<br><br>2. ਸੁਪਰਡੈਂਟ ਆਫ ਪੁਲਿਸ<br><br>3. ਡਿਪਟੀ ਸੁਪਰਡੈਂਟ ਆਫ ਪੁਲਿਸ | | vii) ਲਾਜ਼ਮੀ ਸੇਵਾ-ਨਿਵਿਰਤੀ ( ਰਿਟਾਇਰਮੈਂਟ )<br><br>viii) ਸੇਵਾ ਤੋਂ ਬਰਤਰਫੀ ਜਿਹੜੀ ਕਿ ਬੋਰਡ ਅਧੀਨ ਭਵਿਖ ਵਿੱਚ ਨਿਯੁਕਤੀ ਲਈ ਅਯੋਗਤਾ ਨਹੀਂ ਹੋਵੇਗੀ।<br><br>ix) ਸੇਵਾ ਤੋਂ ਬਰਖਾਸਤਗੀ ਜਿਹੜੀ ਕਿ ਸਾਧਾਰਣ ਤੌਰ ਤੇ ਬੋਰਡ ਅਧੀਨ ਭਵਿਖ ਵਿੱਚ ਨਿਯੁਕਤੀ ਲਈ ਅਯੋਗਤਾ ਹੋਵੇਗੀ। | | |

# ਅੰਤਿਕਾ – 'ੲ'

( ਵਿਨਿਯਮ 9 (1) (ਹ) ਵਿੱਚ ਕੀਤਾ ਗਿਆ ਹਵਾਲਾ )

**ਫੈਕਟਰੀ ਐਕਟ, 1948 ਅਧੀਨ ਫੈਕਟਰੀਆਂ ਵਿੱਚ ਨਿਯੁਕਤ ਕੀਤੇ ਜਾਣ ਵਾਲੇ ਭਲਾਈ ਅਫਸਰਾਂ ਦੀ ਭਰਤੀ ਦੇ ਮੰਤਵ ਵਾਸਤੇ ਰਾਜ ਸਰਕਾਰ ਦੁਆਰਾ ਮਾਨਤਾ- ਪ੍ਰਾਪਤ ਸੰਸਥਾਵਾਂ, ਡਿਗਰੀਆਂ ਅਤੇ ਡਿਪਲੋਮਿਆਂ ਦੇ ਨਾਂ : -**

| | | |
|---|---|---|
| 1. | ਆਂਧਰਾ ਯੂਨੀਵਰਸਿਟੀ ਕਾਲਜ, ਵਾਲਟੇਅਰ | (i) ਸਮਾਜ ਭਲਾਈ ਵਿੱਚ ਡਿਪਲੋਮਾ<br>(ii) ਸਮਾਜ ਭਲਾਈ ਵਿੱਚ ਮਾਸਟਰ ਆਫ ਸਾਇੰਸ ਦੀ ਡਿਗਰੀ |
| 2. | ਕਿਰਤ ਅਤੇ ਸਮਾਜ ਭਲਾਈ ਵਿਭਾਗ, ਪਟਨਾ ਯੂਨੀਵਰਸਿਟੀ | ਕਿਰਤ ਅਤੇ ਸਮਾਜ ਭਲਾਈ ਵਿੱਚ ਐਮ. ਏ. |
| 3. | ਸੇਂਟ ਜ਼ੇਵੀਅਰ ਲੇਬਰ ਰਿਲੇਸ਼ਨਜ਼ ਇੰਸਟੀਚਿਊਟ, ਜਮਸ਼ੇਦਪੁਰ | ਉਦਯੋਗਿਕ ਸੰਪਰਕ ਅਤੇ ਭਲਾਈ ਵਿੱਚ ਡਿਪਲੋਮਾ |
| 4. | ਸੇੱਟ ਜ਼ੇਵੀਅਰ ਕਾਲਜ, ਰਾਂਚੀ | ਸਮਾਜ ਸੇਵਾ (ਸ਼ੋਸ਼ਲ ਸਰਵਿਸ) ਵਿੱਚ ਪੋਸਟ ਗਰੈਜੂਏਟ ਡਿਪਲੋਮਾ |
| 5. | ਭਾਗਲਪੁਰ ਯੂਨੀਵਰਸਿਟੀ | ਕਿਰਤ ਅਤੇ ਸਮਾਜ ਭਲਾਈ ਵਿੱਚ ਐਮ. ਏ. |
| 6. | ਬੜੋਦਾ ਯੂਨੀਵਰਸਿਟੀ | ਸ਼ੋਸ਼ਲ ਵਰਕ ਵਿੱਚ ਮਾਸਟਰ |
| 7. | ਗੁਜਰਾਤ ਯੂਨੀਵਰਸਿਟੀ | ਕਿਰਤ ਭਲਾਈ ਵਿੱਚ ਡਿਪਲੋਮਾ |
| 8. | ਸ਼ੋਸ਼ਲ ਵਰਕ ਦਾ ਦਿੱਲੀ ਸਕੂਲ, ਦਿੱਲੀ ਯੂਨੀਵਰਸਿਟੀ | ਸ਼ੋਸ਼ਲ ਵਰਕ ਵਿੱਚ ਐਮ. ਏ. |
| 9. | ਕੇਰਲਾ ਯੂਨੀਵਰਸਿਟੀ | ਸਮਾਜ ਸੇਵਾ ਵਿੱਚ ਡਿਪਲੋਮਾ |
| 10. | ਵਿਕਰਮ ਯੂਨੀਵਰਸਿਟੀ ਉਜੈਨ (ਮੱਧ ਪ੍ਰਦੇਸ਼) | ਸਮਾਜਕ ਵਿਗਿਆਨ (sockology) ਵਿੱਚ ਐਮ. ਏ . |
| 11. | ਟਾਟਾ ਇੰਸਟੀਚਿਊਟ ਆਫ ਸੋਸ਼ਲ ਸਾਇੰਸ | ਸੋਸ਼ਲ ਸਰਵਿਸ ਐਡਮਨਿਸਟਰੇਸ਼ਨ ਵਿੱਚ ਡਿਪਲੋਮਾ |
| 12. | ਲੇਬਰ ਵੈਲਫੇਅਰ ਵਰਕਰਸ ਇੰਸਟੀਚਿਊਟ ਬੰਬਈ ਯੂਨੀਵਰਸਿਟੀ | ਕਿਰਤ ਭਲਾਈ ਵਿੱਚ ਡਿਪਲੋਮਾ |

| | | |
|---|---|---|
| 13. | ਇੰਡੀਅਨ ਇੰਸਟੀਚਿਊਟ ਆਫ ਸੋਸ਼ਲ ਆਰਡਰ, ਪੂਨਾ। | ਸੋਸ਼ਲ ਸਰਵਿਸ ਵਿੱਚ ਪੋਸਟ ਗਰੈਜੁਏਟ ਡਿਪਲੋਮਾ। |
| 14. | ਸ਼੍ਰੀ ਦੋਰਾਬਜੀ ਗਰੈਜੂਏਟ ਸਕੂਲ ਆਫ ਸੋਸ਼ਲ ਵਰਕ, ਬੰਬਈ, ਬੰਬਈ ਯੂਨੀਵਰਸਿਟੀ। | ਕਿਰਤ ਭਲਾਈ ਵਿੱਚ ਡਿਪਲੋਮਾ। |
| 15. | ਬੜੋਦਾ ਯੂਨੀਵਰਸਿਟੀ। | ਸੋਸ਼ਲ ਵਰਕ ਦੀ ਫਕੈਲਟੀ ਵਿੱਚ ਡਿਪਲੋਮਾ। |
| 16. | ਇੰਸਟੀਚਿਊਅ ਆਫ ਲੇਬਰ ਵੈਲਫੇਅਰ ਵਰਕਰ, ਬੰਬਈ। | ਸੰਸਥਾ ਦਾ ਲੌਂਗ ਟਰਮ ਕੋਰਸ ਦਾ ਡਿਪਲੋਮਾ। |
| 17. | ਬੰਬਈ ਯੂਨੀਵਰਸਿਟੀ। | ਸਮਾਜਕ ਵਿਗਿਆਨ ਵਿੱਚ ਐਮ. ਏ. ਡਿਗਰੀ। |
| 18. | ਮਦਰਾਸ ਸਕੂਲ ਆਫ ਸੋਸ਼ਲ ਵਰਕ, ਮਦਰਾਸ। | ਸੋਸ਼ਲ ਸਰਵਿਸ ਐਡਮਨਿਸਟਰੇਸ਼ਨ ਵਿੱਚ ਡਿਪਲੋਮਾ। |
| 19. | ਲੋਇਲਜ਼ ਕਾਲਜ , ਮਦਰਾਸ। | ਪੋਸਟ ਗਰੈਜੁਏਟ ਡਿਪਲੋਮਾ ਇਨ ਸੋਸ਼ਲ ਸਰਵਿਸ। |
| 20. | ਪੀ. ਐਸ. ਜੀ. ਸਕੂਲ ਆਫ ਸੋਸ਼ਲ ਵਰਕ, ਕੋਇਮਬਾਟੋਰ। | ਪੋਸਟ ਗਰੈਜੁਏਟ ਡਿਪਲੋਮਾ ਇਨ ਸੋਸ਼ਲ ਵਰਕ। |
| 21. | ਮਦਰਾਸ ਯੂਨੀਵਰਸਿਟੀ | 1. ਸੋਸ਼ਲ ਸਰਵਿਸ ਵਿੱਚ ਡਿਪਲੋਮਾ<br>2. ਸੋਸ਼ਲ ਵਰਕ ਵਿੱਚ ਮਾਸਟਰ ਡਿਗਰੀ |
| 22. | ਅੰਨਾਮਲਾਇਆ ਯੂਨੀਵਰਸਿਟੀ | ਸੋਸ਼ਲ ਸਾਇੰਸ ਵਿੱਚ ਐਮ. ਏ. ਦੀ ਡਿਗਰੀ। |
| 23. | ਨੈਸ਼ਨਲ ਇੰਸਟੀਚਿਊਟ ਆਫ ਸੋਸ਼ਲ ਸਾਇੰਸਿਜ਼ ਬੰਗਲੋਰ। | ਸੋਸ਼ਲ ਸਰਵਿਸ ਐਡਮਨਿਸਟਰੇਸ਼ਨ ਵਿੱਚ ਡਿਪਲੋਮਾ ਕੋਰਸ। |
| 24. | ਕਰਨਾਟਕਾ ਯੂਨੀਵਰਸਿਟੀ | ਸਮਾਜਕ ਸਾਇੰਸ ਅਤੇ ਇਕਨਾਮਿਕਸ ਵਿੱਚ ਮਾਸਟਰ ਆਫ ਆਰਟ। |
| 25. | ਉਦੇਪੁਰ ਸਕੂਲ ਆਫ ਸੋਸ਼ਲ ਵਰਕ, ਰਾਜਿਸਥਾਨ ਯੂਨੀਵਰਸਿਟੀ। | ਐਮ. ਏ. ਡਿਗਰੀ |
| 26. | ਇੰਸਟੀਚਿਊਟ ਆਫ ਸੋਸ਼ਲ ਸਾਇੰਸਿਜ਼, ਆਗਰਾ ਯੂਨੀਵਰਸਿਟੀ, ਆਗਰਾ। | ਮਾਸਟਰ ਆਫ ਸੋਸ਼ਲ ਵਰਕ |
| 27. | ਕਾਸ਼ੀ ਵਿਦਿਆਪੀਠ, ਵਾਰਾਨਸੀ। | (i) ਮਾਸਟਰ ਆਪ ਅਪਲਾਈਡ ਸੋਸ਼ਿਆਲੋਜੀ |

| | | |
|---|---|---|
| | | (ii) ਲੇਬਰ ਟ੍ਰੇਨਿੰਗ ਕੋਰਸ ਦਾ ਡਿਪਲੋਮਾ<br>(iii) ਸੋਸ਼ਲ ਸਾਇੰਸ ਕਲਾਸ ਦਾ ਡਿਪਲੋਮਾ |
| 28. | ਜੇ. ਕੇ. ਇੰਸਟੀਚਿਊਟ ਆਫ ਸੋਸ਼ੋਲੋਜੀ ਅਤੇ ਹਿਊਮੈਨ ਰਿਲੇਸ਼ਨਜ਼, ਲਖਨਊ ਯੂਨੀਵਰਸਿਟੀ। | (i) ਸੋਸ਼ਲ ਵਰਕ ਵਿੱਚ ਐਮ. ਏ.<br>(ii) ਸੋਸ਼ਲ ਸਰਵਿਸ ਵਿੱਚ ਡਿਪਲੋਮਾ<br>(iii) ਸੋਸ਼ਲ ਟੈਕਨੀਕ ਜਾਂ ਸੋਸ਼ਲ ਵਰਕ ਵਿੱਚ ਡਿਪਲੋਮਾ<br>(iv) ਸੋਸ਼ਲ ਟੈਕਨੀਕ ਦੀ ਮਾਸਟਰ ਡਿਗਰੀ |
| 29. | ਆਗਰਾ ਯੂਨੀਵਰਸਿਟੀ। | ਐਮ. ਏ. ਸੋਸ਼ਿਆਲੋਜੀ। |
| 30. | ਲਖਨਊ ਯੂਨੀਵਰਸਿਟੀ। | ਮਾਸਟਰ ਆਫ ਸੋਸ਼ਲ ਵਰਕ। |
| 31. | ਆਲ ਇੰਡੀਆ ਇੰਸਟੀਚਿਊਟ ਆਫ ਸੋਸ਼ਲ ਵੈਲਫੇਅਰ ਐਂਡ ਬਿਜ਼ਨੈਸ ਮੈਨੇ-ਮੈਂਟ, ਕਲਕੱਤਾ ਯੂਨੀਵਰਸਿਟੀ। | ਸੋਸ਼ਲ ਵਰਕ ਵਿੱਚ ਡਿਪਲੋਮਾ। |
| 32. | ਇੰਡੀਅਨ ਇੰਸਟੀਚਿਊਟ ਆਫ ਟੈਕ-ਨਾਲੋਜੀ, ਖੜਗਪੁਰ। | ਇੰਡਸਟਰੀਅਲ ਸਾਇਕੋਲੋਜੀ ਅਤੇ ਰਿਲੇਸ਼ਨਜ਼ ਵਿੱਚ ਡਿਪਲੋਮਾ। |
| 33. | ਕਲਕੱਤਾ ਯੂਨੀਵਰਸਿਟੀ। | ਸੋਸ਼ਲ ਸਰਵਿਸ ਵਿੱਚ ਡਿਪਲੋਮਾ। |
| 34. | ਇਡਿਨਬਰਗ, ਯੂਨੀਵਰਸਿਟੀ। | ਸੋਸ਼ਲ ਸਟੱਡੀ ਵਿੱਚ ਡਿਪਲੋਮਾ। |
| 35. | ਰਾਇਲ ਕਾਲੇਜ ਆਫ ਸਾਇੰਸ ਐਂਡ ਟੈਕਨਾਲੋਜੀ, ਗਲਾਸਕੋ। | ਇੰਡਸਟਰੀਅਲ ਮੈਨੇਜਮੈਂਟ ਵਿੱਚ ਸਰਟੀਫਿਕੇਟ। |
| 36. | ਯੂਨੀਵਰਸਿਟੀ ਕਾਲੇਜ ਆਫ ਸਾਊਥ ਵੇਲਜ਼ ਐਂਡ ਮੋਰਿਥਸ਼ਾਇਰ ਯੂਨੀਵਰਸਿਟੀ ਵੇਲਜ਼, ਕਾਰਡਿਫ। | ਸੋਸ਼ਲ ਸਾਇੰਸ ਵਿੱਚ ਡਿਪਲੋਮਾ। |
| 37. | ਗਲਾਸਗੋ ਸਕੂਲ ਆਫ ਮੈਨੇਜਮੈਂਟ ਸਟੀਡਜ਼, ਗਲਾਸਗੋ। | ਪ੍ਰਸੋਨਲ ਮੈਨੇਜਮੈਂਟ ਵਿੱਚ ਸਰਟੀਫਿਕੇਟ। |
| 38. | ਮਾਨਚੈਸਟਰ ਮਿਉਂਸੀਪਲ ਕਾਲੇਜ ਆਫ ਟੌਕਨਾਲੋਜੀ, ਮਾਨਚੈਸਟਰ | ਪ੍ਰਸੋਨਲ ਮੈਨੇਜਮੈਂਟ ਵਿੱਚ ਸਰਟੀਫਿਕੇਟ। |
| 39. | ਮਾਨਚੈਸਟਰ ਮਿਉਂਸੀਪਲ ਕਾਲੇਜ ਆਫ ਇੰਡਸਟਰੀਅਲ ਐਡਮਨਿਸਟ੍ਰੇਸ਼ਨ ਯੂਨੀ-ਵਰਸਿਟੀ ਆਫ ਮਾਨਚੈਸਟਰ। | ਪ੍ਰਸੋਨਲ ਮੈਨੇਜਮੈਂਟ ਵਿੱਚ ਸਰਟੀਫਿਕੇਟ। |
| 40. | ਵਿਕਟੋਰੀਆ ਯੂਨੀਵਰਸਿਟੀ ਆਫ ਮਾਨ- | ਪ੍ਰਸੋਨਲ ਮੈਨੇਜਮੈਂਟ ਵਿੱਚ ਡਿਪਲੋਮਾ। |

| | | |
|---|---|---|
| | ਚੈਸਟਰ। | |
| 41. | ਲੰਡਨ ਸਕੂਲ ਆਫ ਇਕਨਾਮਿਕਸ ਐਂਡ ਪੋਲੀਟੀਕਲ ਸਾਇੰਸ। | ਪ੍ਰਸੋਨਲ ਮੈਨੇਜਮੈਂਟ ਵਿੱਚ ਡਿਪਲੋਮਾ। |
| 42. | ਮਾਨਚੈਸਟਰ ਯੂਨੀਵਰਸਿਟੀ , ਯੂ. ਕੇ.। | ਐਸੋਸਿਏਟ ਆਫ ਦੀ ਮਾਨਚੈਸਟਰ ਕਾਲੇਜ ਆਫ ਸਾਇੰਸ ਐਂਡ ਟੈਕਨਾਲੋਜੀ ਇਨ ਇੰਡਸ. ਟਰੀਅਲ ਐਡਮਨਿਸਟਰੇਸ਼ਨ। |
| 43. | ਇੰਸਟੀਚਿਊਟ ਆਫ ਪ੍ਰਸੋਨਲ ਮੈਨੇਜਮੈਂਟ, ਲੰਡਨ। | ਗਰੈਜੁਏਟ ਮੈਂਬਰਸ਼ਿਪ। |
| 44. | ਇੰਦੋਰ ਯੂਨੀਵਰਸਿਟੀ। | (i) ਸਮਾਜਕ ਸਾਇੰਸ ਵਿੱਚ ਐਮ. ਏ. ਡਿਗਰੀ।<br>(ii) ਸੋਸ਼ਲ ਕਰਕ ਵਿੱਚ ਮਾਸਟਰ ਦੀ ਡਿਗਰੀ। |
| 45. | ਨਾਗਪੁਰ ਯੂਨੀਵਰਸਿਟੀ। | ਸਮਾਜਕ ਵਿਸ਼ੇ ਦੇ ਤੌਰ ਤੇ ਕਿਰਤ ਭਲਾਈ ਸਹਿਤ ਸੋਸ਼ਲ ਵਰਕ ਵਿੱਚ ਡਿਪਲੋਮਾ। |
| 46. | ਇੰਸਟੀਚਿਊਟ ਆਫ ਸੋਸ਼ਲ ਸਰਵਿਸ, ਬੈਂਗਲੋਰ। | ਸੋਸ਼ਲ ਵਰਕ ਵਿੱਚ ਐਮ. ਏ. ਡਿਗਰੀ ਸਮੇਤ ਗਰੁੱਪ (ਏ) ਉਤੇ ਸਪੈਸ਼ਲਾਈਜੇਸ਼ਨ :<br>i) ਲੇਬਰ ਇਕਨਾਮਿਕਸ ਅਤੇ ਲੇਬਰ ਵੈਲਫੇਅਰ।<br>(ii) ਅੰਤਮ ਸਾਲ ਵਿੱਚ ਇੰਡਸਟਰੀਅਲ ਆਰਗੇਨਾਜ਼ੇਸ਼ਨ ਐਂਡ ਮੈਨੇਜਮੈਂਟ। |
| 47. | ਪੰਜਾਬੀ ਯੂਨੀਵਰਸਿਟੀ, ਪਟਿਆਲਾ। | ਕਿਰਤ ਸਬੰਧੀ ਕਾਨੂੰਨ, ਕਿਰਤ ਭਲਾਈ ਅਤੇ ਪ੍ਰਸੋ-ਨਲ ਮੈਨੇਜਮੈਂਟ ਵਿੱਚ ਡਿਪਲੋਮਾ ਕੋਰਸ। |
| 48. | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ। | (i) ਉਦਯੋਗਿਕ ਸੋਸ਼ਿਆਲਾਜੀ ਸਮੇਤ ਸੋਸ਼ਿਆਲੋਜੀ ਵਿੱਚ ਐਮ. ਏ. ਦੀ ਡਿਗਰੀ।<br>(ii) ਪ੍ਰਸੋਨਲ ਮੈਨੇਜਮੈਂਟ ਅਤੇ ਕਿਰਤ ਭਲਾਈ ਵਿੱਚ ਡਿਪਲੋਮਾ।<br>(iii) ਪਬਲਿਕ ਐਡਮਨਿਸਟਰੇਸ਼ਨ ਵਿੱਚ ਐਮ. ਏ. ਸਮੇਤ ਸਪੈਸ਼ਲਾਈਜ਼ੇਸ਼ਨ ਇਨ ਲੇਬਰ ਵੈਲਫੇਅਰ ਐਡਮਨਿਸਟ੍ਰੇਸ਼ਨ। |
| 49. | ਇੰਸਟੀਚਿਊਟ ਆਫ ਮੈਨੇਜਮੈਂਟ ਅਹਿਮਦਾਬਾਦ। | ਬਿਜ਼ਨੈਸ ਐਡਮਨਿਸਟ੍ਰੇਸ਼ਨ ਦੀ ਮਾਸਟਰ ਦੀ ਡਿਗਰੀ |
| 50. | ਇੰਸਟੀਚਿਊਟ ਆਫ ਮੈਨੈਜਮੈਂਟ, ਅਹਿਮਦਾਬਾਦ। | ਬਿਜ਼ਨੈਸ ਐਡਮਨਿਸਟ੍ਰੇਸ਼ਨ ਦੀ ਮਾਸਟਰ ਦੀ ਡਿਗਰੀ। |
| 51. | ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ। | ਲੇਬਰ ਲਾਅਜ਼ ਅਤੇ ਲੇਬਰ ਐਡਮਨਿਸਟ੍ਰੇਸ਼ਨ ਵਿੱਚ ਡਿਪਲੋਮਾ। |

| | | |
|---|---|---|
| 52. | ਰਾਂਚੀ ਯੂਨੀਵਰਸਿਟੀ , ਰਾਂਚੀ | ਕਿਰਤ ਅਤੇ ਭਲਾਈ ਵਿੱਚ ਐਮ. ਏ. ਦੀ ਡਿਗਰੀ |
| 53. | ਭਰਤੀਯ ਵਿਦਿਆ ਭਵਨ, ਰਾਜੇਂਦਰਾ ਪ੍ਰਸਾਦ ਇੰਸਟੀਚਿਊਟ ਆਫ ਕਮਿਊਨੀਕੇਸ਼ਨ ਐਂਡ ਮੈਨੇਜਮੈਂਟ, ਬੰਬਈ। | ਇੰਡਸਟਰੀਅਲ ਰਿਲੇਸ਼ਨਜ਼ ਅਤੇ ਪ੍ਰਸੋਨਲ ਮੈਨੇਜਮੈਂਟ ਵਿੱਚ ਪੋਸਟ ਗਰੈਜੁਏਟ ਡਿਪਲੋਮਾ ਕੋਰਸ। |